


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Monday 13 April, 2026 | website: www.cee7news.com

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਅਤੇ ਰਾਜ ਸਭਾ ਦੇ ਫਲੋਰ ਲੀਡਰਾਂ ਨੂੰ ਇੱਕ ਖਾਸ ਪੱਤਰ ਲਿਖ ਕੇ ਕਿਹਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਅਤੇ ਰਾਜ ਸਭਾ ਦੇ ਫਲੋਰ ਲੀਡਰਾਂ ਨੂੰ ਇੱਕ ਖਾਸ ਪੱਤਰ ਲਿਖ ਕੇ ਕਿਹਾ ਹੈ ਕਿ ਹੁਣ ਮਹਿਲਾ ਰਾਖਵਾਂਕਰਨ ਕਾਨੂੰਨ ਨੂੰ ਇਸ ਦੀ ਅਸਲ ਭਾਵਨਾ ਵਿਚ ਲਾਗੂ ਕਰਨ ਦਾ ਵੇਲਾ ਆ ਗਿਆ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਇੱਕਜੁੱਟ ਹੋ ਕੇ ਇਸ ਲਈ ਲੋੜੀਂਦੀਆਂ ਸੋਧਾਂ ਪਾਸ ਕਰਨ। ਇਸ ਨਾਲ 2029 ਦੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਔਰਤਾਂ ਲਈ ਰਾਖਵੀਆਂ ਸੀਟਾਂ ਯਕੀਨੀ ਬਣਾਈਆਂ ਜਾ ਸਕਣਗੀਆਂ।ਇਹ ਖਬਰ ਪੰਜਾਬੀ ਟ੍ਰਿਬਿਊਨ ਵਿਚ ਛਪੀ ਹੈ। ਪੀਐੱਮ ਮੋਦੀ ਨੇ ਲਿਖਿਆ ਕਿ ਵਿਆਪਕ ਵਿਚਾਰ ਵਟਾਂਦਰੇ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਿਆ ਗਿਆ ਹੈ ਕਿ ਨਾਰੀ ਸ਼ਕਤੀ ਵੰਦਨ ਅਧਿਨਿਯਮ ਨੂੰ ਪੂਰੀ ਤਾਕਤ ਨਾਲ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਤੋਰਿਆ ਕਿ ਔਰਤਾਂ ਨੂੰ ਰਾਜਨੀਤੀ ਵਿਚ ਬਰਾਬਰ ਹਿੱਸਾ ਮਿਲਣਾ ਚਾਹੀਦਾ ਹੈ ਤਾਂ ਜੋ ਭਾਰਤ ਵਿਕਸਤ ਰਾਸ਼ਟਰ ਬਣਾਉਣ ਵਿਚ ਉਨ੍ਹਾਂ ਦੀ ਭਾਗੀਦਾਰੀ ਵਧੇ। ਇਸ ਲਈ 16 ਤੋਂ 18 ਅਪ੍ਰੈਲ ਤੱਕ ਵਿਸ਼ੇਸ਼ ਸੰਸਦੀ ਸੈਸ਼ਨ ਬੁਲਾਇਆ ਗਿਆ ਹੈ ਜਿਸ ਵਿਚ ਇਹ ਸੋਧਾਂ ਪਾਸ ਕੀਤੀਆਂ ਜਾਣਗੀਆਂ।

## ਭਾਜਪਾ ਨੇ ਬਿਹਾਰ ਵਿਚ ਨਵੀਂ ਸਰਕਾਰ ਬਣਾਉਣ ਲਈ ਇੱਕ ਅਹਿਮ ਫੈਸਲਾ ਲਿਆ ਹੈ



ਭਾਜਪਾ ਨੇ ਬਿਹਾਰ ਵਿਚ ਨਵੀਂ ਸਰਕਾਰ ਬਣਾਉਣ ਲਈ ਇੱਕ ਅਹਿਮ ਫੈਸਲਾ ਲਿਆ ਹੈ। ਭਾਰਤੀ ਜਨਤਾ ਪਾਰਟੀ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਬਿਹਾਰ ਵਿਧਾਨ ਸਭਾ ਵਿਚ ਆਪਣੇ ਵਿਧਾਇਕ ਦਲ ਦੇ ਆਗੂ ਦੀ ਚੋਣ ਲਈ ਕੇਂਦਰੀ ਆਬਜ਼ਰਵਰ ਨਿਯੁਕਤ ਕੀਤਾ ਹੈ। ਇਸ ਨਾਲ ਬਿਹਾਰ ਦੇ ਨਵੇਂ ਮੁੱਖ ਮੰਤਰੀ ਦੀ ਚੋਣ ਦਾ ਰਾਹ ਸਾਫ਼ ਹੋ ਗਿਆ ਹੈ। ਇਹ ਬਿਹਾਰ ਵਿਚ ਭਾਜਪਾ ਦਾ ਪਹਿਲਾ ਮੁੱਖ ਮੰਤਰੀ ਹੋਵੇਗਾ।ਪਿਛਲੇ ਦਿਨੀਂ ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਨੇ 10 ਅਪ੍ਰੈਲ ਨੂੰ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਸੀ। ਉਹ ਹੁਣ ਕੇਂਦਰੀ ਸਰਕਾਰ ਵਿਚ ਸ਼ਾਮਲ ਹੋਣ ਵਾਲੇ ਹਨ। ਇਸ ਤੋਂ ਬਾਅਦ ਬਿਹਾਰ ਵਿਚ ਸਰਕਾਰ ਬਦਲਣੀ ਪੈ ਗਈ ਹੈ।



92 ਸਾਲ ਦੀ ਉਮਰ ਵਿਚ ਲੈਜੈਂਡਰੀ ਗਾਇਕਾ ਦਾ ਅੰਤ

# ਸੰਗੀਤ ਜਗਤ ਵਿਚ ਸਦਮਾ

ਭਾਰਤੀ ਸਿਨੇਮਾ ਅਤੇ ਸੰਗੀਤ ਜਗਤ ਵਿਚ ਅੱਜ ਵੱਡਾ ਸਦਮਾ ਲੱਗਿਆ ਹੈ। ਲੈਜੈਂਡਰੀ ਪਲੇਬੈਕ ਸਿੰਗਰ ਆਸ਼ਾ ਭੋਸਲੇ (Asha Bhosle) ਇਸ ਧਰਤੀ ਤੋਂ ਵਿਦਾ ਹੋ ਗਈਆਂ ਹਨ। 92 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੀ ਮੌਤ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਹੋਈ। ਪਰਿਵਾਰਕ ਸੂਤਰਾਂ ਨੇ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ ਹੈ।ਆਸ਼ਾ ਭੋਸਲੇ ਨੂੰ ਸ਼ਨੀਵਾਰ ਨੂੰ ਛਾਤੀ ਦੀ ਲਾਗ (chest infection), ਥਕਾਵਟ ਅਤੇ ਦਿਲ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਹਸਪਤਾਲ ਵਿਚ ਭਰਤੀ ਕੀਤਾ ਗਿਆ ਸੀ। ਡਾਕਟਰਾਂ ਅਨੁਸਾਰ ਉਨ੍ਹਾਂ ਨੂੰ ਆਈਸੀਯੂ ਵਿਚ ਰੱਖਿਆ ਗਿਆ ਅਤੇ ਐਤਵਾਰ 12 ਅਪ੍ਰੈਲ 2026 ਨੂੰ ਮਲਟੀਪਲ ਆਰਗਨ ਫੇਲ੍ਹੀਅਰ (multiple organ failure) ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਬੇਟੇ ਆਨੰਦ ਭੋਸਲੇ ਨੇ ਇਸ ਖ਼ਬਰ ਨੂੰ ਪੁਸ਼ਟੀ ਕੀਤੀ ਹੈ। ਉਨ੍ਹਾਂ ਦੀ ਲਾਸ਼ ਨੂੰ ਲੋਅਰ ਪਰੇਲ ਵਿਚ ਉਨ੍ਹਾਂ ਦੇ ਘਰ 'ਕਾਸਾ ਗ੍ਰਾਂਡੇ' ਤੇ ਸਵੇਰੇ 11 ਵਜੇ ਲੋਕਾਂ ਲਈ ਰੱਖਿਆ ਜਾਵੇਗਾ ਅਤੇ ਅੰਤਿਮ ਸੰਸਕਾਰ ਕੱਲ੍ਹ ਸ਼ਿਵਾਜੀ ਪਾਰਕ ਤੇ ਸ਼ਾਮ 4 ਵਜੇ ਹੋਵੇਗਾ।

## ਆਸ਼ਾ ਭੋਸਲੇ ਦੀ ਮੌਤ ਤੇ ਵੱਡਾ ਝਟਕਾ

ਆਸ਼ਾ ਭੋਸਲੇ ਦਾ ਜਨਮ 8 ਸਤੰਬਰ 1933 ਨੂੰ ਮਹਾਰਾਸ਼ਟਰ ਦੇ ਸਾਂਗਲੀ ਵਿਚ ਹੋਇਆ ਸੀ। ਉਹ ਪੰਡਿਤ ਦੀਨਾਨਾਥ ਮੰਗੇਸ਼ਕਰ ਦੀ ਤੀਜੀ ਧੀ ਸਨ। ਉਨ੍ਹਾਂ ਦੀ ਵੱਡੀ ਭੈਣ ਲਤਾ ਮੰਗੇਸ਼ਕਰ ਵੀ ਭਾਰਤੀ ਸੰਗੀਤ ਦੀ ਮਹਾਨ ਹਸਤੀ ਸਨ। ਆਸ਼ਾ ਜੀ ਨੇ ਸਿਰਫ਼ 10 ਸਾਲ ਦੀ ਉਮਰ ਵਿਚ ਮਰਾਠੀ ਫਿਲਮ 'ਮਝਾ ਬਾਲ' ਵਿਚ ਗਾਇਕੀ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੇ ਆਪਣੀ ਲੰਮੀ ਕਰੀਅਰ ਵਿਚ ਲਗਭਗ 12,000 ਗੀਤ ਰਿਕਾਰਡ ਕੀਤੇ। ਇਹ ਇੱਕ ਅਜਿਹਾ ਰਿਕਾਰਡ ਹੈ ਜੋ ਬਹੁਤ ਘੱਟ ਗਾਇਕਾਂ ਨੇ ਹੀ ਬਣਾਇਆ ਹੈ।ਆਸ਼ਾ ਭੋਸਲੇ ਨੇ ਬਾਲੀਵੁੱਡ ਵਿਚ ਲਗਭਗ ਹਰ ਵੱਡੀ ਐਕਟ੍ਰੈੱਸ ਲਈ ਗਾਇਆ। ਉਨ੍ਹਾਂ ਦੀ ਆਵਾਜ਼ ਵਿਚ ਊਰਜਾ ਵੀ ਸੀ ਅਤੇ ਭਾਵੁਕਤਾ ਵੀ। ਉਨ੍ਹਾਂ ਨੇ ਓ.ਪੀ. ਨਈਅਰ ਨਾਲ ਊਰਜਾਵਾਨ ਗੀਤ ਗਾਏ ਅਤੇ ਆਰ.ਡੀ. ਬੁਰਮਨ ਨਾਲ ਭਾਵੁਕ ਤੇ ਰੋਮਾਂਟਿਕ ਟ੍ਰੈਕ। ਉਨ੍ਹਾਂ ਦੇ ਮਸ਼ਹੂਰ ਗੀਤਾਂ ਵਿਚ 'ਆਜਾ ਆਜਾ', 'ਚੈਨ ਸੇ ਹਮ ਕੋ ਕਭੀ', 'ਅਭੀ ਨਾ ਜਾਓ ਛੋਡ ਕਰ', 'ਇਨ ਆਂਖੋਂ ਕੀ ਮਸਤੀ', 'ਦਿਲ ਚੀਜ਼ ਕਿਆ ਹੈ', 'ਪਿਆ ਤੂ ਅਬ ਤੋ ਆਜਾ', 'ਦੁਨੀਆਂ ਮੈਂ ਲੋਗੋਂ ਕੋ' ਅਤੇ 'ਜ਼ਰਾ ਸਾ ਝੂਮ ਲੂੰ ਮੈਂ' ਸ਼ਾਮਲ ਹਨ। ਫਿਲਮ 'ਉਮਰਾਓ ਜਾਨ' ਲਈ ਘਜ਼ਲਾਂ ਗਾਉਣ ਤੇ ਉਨ੍ਹਾਂ ਨੂੰ ਨੈਸ਼ਨਲ ਫਿਲਮ ਅਵਾਰਡ ਵੀ ਮਿਲਿਆ। ਆਸ਼ਾ ਭੋਸਲੇ ਚਾਰ ਗਾਇਕ ਭੈਣਾਂ ਵਿਚੋਂ ਇੱਕ ਸਨ — ਲਤਾ, ਊਸ਼ਾ ਅਤੇ ਆਸ਼ਾ ਪਲੇਬੈਕ ਸਿੰਗਰ ਰਹੀਆਂ ਅਤੇ ਮੀਨਾ ਸੰਗੀਤਕਾਰ। ਉਨ੍ਹਾਂ ਦਾ ਭਰਾ ਹਿਰਦੇਨਾਥ ਮੰਗੇਸ਼ਕਰ ਵੀ ਸੰਗੀਤ ਨਾਲ ਜੁੜਿਆ ਰਿਹਾ। ਉਨ੍ਹਾਂ ਪਿੱਛੇ ਬੇਟਾ ਆਨੰਦ ਭੋਸਲੇ ਅਤੇ ਪੋਤੇ-ਪੋਤੀਆਂ ਹਨ।ਇਸ ਖ਼ਬਰ ਨੇ ਪੂਰੇ ਦੇਸ਼ ਵਿਚ ਸੋਗ ਦੀ ਲਹਿਰ ਪਾ ਦਿੱਤੀ ਹੈ। ਭਾਰਤੀ ਸਿਨੇਮਾ ਦਾ ਇੱਕ ਸੁਨਹਿਰਾ ਯੁੱਗ ਖਤਮ ਹੋ ਗਿਆ ਹੈ। ਆਸ਼ਾ ਭੋਸਲੇ ਦੀ ਆਵਾਜ਼ ਨੇ ਲੱਖਾਂ ਲੋਕਾਂ ਦੇ ਦਿਲਾਂ ਵਿਚ ਘਰ ਕੀਤਾ ਸੀ ਅਤੇ ਉਨ੍ਹਾਂ ਦੇ ਗੀਤ ਅੱਜ ਵੀ ਲੋਕਾਂ ਦੇ ਹੋਠਾਂ ਤੇ ਆਉਂਦੇ ਹਨ। ਉਨ੍ਹਾਂ ਦੀ ਯਾਦ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਬਸੀ ਰਹੇਗੀ।ਪੂਰੇ ਸੰਗੀਤ ਪ੍ਰੇਮੀਆਂ ਅਤੇ ਫੈਨਜ਼ ਨੂੰ ਇਸ ਵੱਡੀ ਖ਼ਬਰ ਤੇ ਡੂੰਘਾ ਦੁੱਖ ਹੈ। ਆਸ਼ਾ ਭੋਸਲੇ ਨੇ ਆਪਣੀ ਗਾਇਕੀ ਨਾਲ ਭਾਰਤੀ ਸੰਗੀਤ ਨੂੰ ਨਵੀਆਂ ਉਚਾਈਆਂ ਬਖ਼ਸ਼ੀਆਂ ਅਤੇ ਉਨ੍ਹਾਂ ਦਾ ਯੋਗਦਾਨ ਅਮਰ ਰਹੇਗਾ। ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ। ਓਮ ਸ਼ਾਂਤੀ।ਉਨ੍ਹਾਂ ਨੂੰ ਦਾਦਾਸਾਹਿਬ ਫਾਲਕੇ ਅਵਾਰਡ, ਪਦਮ ਵਿਭੂਸ਼ਣ ਵਰਗੀਆਂ ਵੱਡੀਆਂ ਸਨਮਾਨਾਂ ਨਾਲ ਨਿਵਾਜਿਆ ਗਿਆ। ਉਨ੍ਹਾਂ ਨੇ ਬਿਜ਼ਨਸ ਵਿਚ ਵੀ ਸਫਲਤਾ ਹਾਸਲ ਕੀਤੀ ਅਤੇ ਦੁਬਈ ਤੇ ਯੂਕੇ ਵਿਚ 'ਆਸ਼ਾ' ਰੈਸਟੋਰੈਂਟ ਚਲਾਏ। 2023 ਵਿਚ ਉਨ੍ਹਾਂ ਨੇ ਦੁਬਈ ਵਿਚ 'ਆਸ਼ਾ@90: ਲਾਈਵ ਇਨ ਕੰਸਰਟ' ਰਾਖੀ ਸੀ। ਉਨ੍ਹਾਂ ਨੇ 2010 ਤੋਂ ਬਾਅਦ ਵੀ ਗਾਇਕੀ ਜਾਰੀ ਰੱਖੀ।

## Cee7 News ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਤਣਾਅ ਭਰੀ ਸਥਿਤੀ ਨੂੰ ਖਤਮ ਕਰਨ ਲਈ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਉੱਚ-ਪੱਧਰੀ ਗੱਲਬਾਤ ਹੋਈ ਸੀ।

# ਇਸਲਾਮਾਬਾਦ ਵਿੱਚ ਗੱਲਬਾਤ ਫੇਲ੍ਹ, ਵੈਂਸ ਖਾਲੀ ਹੱਥ ਵਾਪਸ, ਡੈੱਡਲੌਕ ਬਰਕਰਾਰ

ਅੰਤਰਰਾਸ਼ਟਰੀ ਰਾਜਨੀਤੀ ਵਿੱਚ ਇੱਕ ਵੱਡੀ ਘਟਨਾ ਵਾਪਰੀ ਹੈ। ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਤਣਾਅ ਭਰੀ ਸਥਿਤੀ ਨੂੰ ਖਤਮ ਕਰਨ ਲਈ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਉੱਚ-ਪੱਧਰੀ ਗੱਲਬਾਤ ਹੋਈ ਸੀ। ਪਰ ਇਹ ਵਾਰਤਾ ਬਿਨਾਂ ਕਿਸੇ ਨਤੀਜੇ ਦੇ ਖਤਮ ਹੋ ਗਈ ਹੈ। ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਲਗਭਗ 21 ਤੋਂ 25 ਘੰਟਿਆਂ ਤੱਕ ਚੱਲੀ ਚਰਚਾ ਤੋਂ ਬਾਅਦ ਖਾਲੀ ਹੱਥ ਵਾਪਸ ਵਾਸ਼ਿੰਗਟਨ ਲਈ ਰਵਾਨਾ ਹੋ ਗਏ ਹਨ। ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਡੈੱਡਲੌਕ ਬਰਕਰਾਰ ਹੈ ਅਤੇ ਮੱਧ ਪੂਰਬ ਵਿੱਚ ਸ਼ਾਂਤੀ ਦੀ ਉਮੀਦ ਫਿਰ ਤੋਂ ਧੁੰਦਲੀ ਹੋ ਗਈ ਹੈ।

ਇਸਲਾਮਾਬਾਦ ਵਿੱਚ ਹੋਈ ਇਸ ਗੱਲਬਾਤ ਪਾਕਿਸਤਾਨ ਵੱਲੋਂ ਵਿਚੋਲਗੀ ਵਾਲੀ ਸੀ। ਅਮਰੀਕਾ ਵੱਲੋਂ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਖੁਦ ਇਸ ਵਾਰਤਾ ਵਿੱਚ ਸ਼ਾਮਲ ਹੋਏ। ਉਨ੍ਹਾਂ ਨਾਲ ਅਮਰੀਕੀ ਵਫ਼ਦ ਵੀ ਮੌਜੂਦ ਸੀ। ਇਰਾਨ ਵੱਲੋਂ ਵੀ ਉੱਚ ਅਧਿਕਾਰੀਆਂ ਦਾ ਵਫ਼ਦ ਪਹੁੰਚਿਆ ਸੀ। ਗੱਲਬਾਤ ਦਾ ਮੁੱਖ ਮਕਸਦ ਇਰਾਨ ਨਾਲ ਚੱਲ ਰਹੀ ਲੜਾਈ ਨੂੰ ਖਤਮ ਕਰਨਾ ਅਤੇ ਇੱਕ ਸਥਾਈ ਸਮਝੌਤਾ ਕਰਨਾ ਸੀ। ਇਸ ਤੋਂ ਇਲਾਵਾ ਖੇਤਰੀ ਸੁਰੱਖਿਆ, ਪਾਬੰਦੀਆਂ ਹਟਾਉਣ ਅਤੇ ਹੋਰ ਅਹਿਮ ਮੁੱਦਿਆਂ 'ਤੇ ਵੀ ਚਰਚਾ ਹੋਈ। ਪਰ ਲੰਬੀ ਚਰਚਾ ਦੇ ਬਾਵਜੂਦ ਕੋਈ ਵੱਡੀ ਤਰੱਕੀ ਨਾ ਹੋ ਸਕੀ।

ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਇਸਲਾਮਾਬਾਦ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਗੱਲਬਾਤ ਸਾਰਥਕ ਰਹੀ ਪਰ ਇਰਾਨ ਨੇ ਅਮਰੀਕਾ ਦੀਆਂ ਮੁੱਖ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਅਮਰੀਕਾ ਦੀ ਸਭ ਤੋਂ ਵੱਡੀ ਮੰਗ ਇਹ ਸੀ ਕਿ ਇਰਾਨ ਲੰਬੇ ਸਮੇਂ ਲਈ ਪਰਮਾਣੂ ਹਥਿਆਰ ਨਾ ਬਣਾਉਣ ਦੀ ਪੱਕੀ ਵਚਨਬੱਧਤਾ ਦੇਵੇ। ਵੈਂਸ ਨੇ ਕਿਹਾ, "ਅਸੀਂ ਇਰਾਨ ਤੋਂ ਇੱਕ ਬੁਨਿਆਦੀ ਵਚਨਬੱਧਤਾ ਚਾਹੁੰਦੇ ਹਾਂ ਕਿ ਉਹ ਪਰਮਾਣੂ ਹਥਿਆਰ ਨਾ ਬਣਾਏਗਾ ਅਤੇ ਇਸ ਦੀ ਸਮਰੱਥਾ ਵੀ ਨਾ ਰੱਖੇਗਾ।" ਉਨ੍ਹਾਂ ਇਹ ਵੀ ਦੱਸਿਆ ਕਿ ਅਮਰੀਕਾ ਨੇ ਆਪਣੀ "ਆਖਰੀ ਅਤੇ ਸਭ ਤੋਂ ਵਧੀਆ ਪੇਸ਼ਕਸ਼" ਇਰਾਨ ਕੋਲ ਛੱਡ ਦਿੱਤੀ ਹੈ ਅਤੇ ਹੁਣ ਤਹਿਰਾਨ ਤੋਂ ਅਗਲਾ ਕਦਮ ਉਡੀਕਿਆ ਜਾ ਰਿਹਾ ਹੈ।ਵੈਂਸ ਨੇ ਚਿਤਾਵਨੀ ਵੀ ਜਾਰੀ ਕੀਤੀ। ਉਨ੍ਹਾਂ ਕਿਹਾ ਕਿ ਸਮਝੌਤਾ ਨਾ ਹੋਣਾ ਅਮਰੀਕਾ ਨਾਲੋਂ ਇਰਾਨ ਲਈ ਵਧੇਰੇ ਨੁਕਸਾਨਦੇਹ ਸਾਬਤ ਹੋਵੇਗਾ। "ਇਹ ਖਬਰ ਇਰਾਨ ਲਈ ਬੁਰੀ ਹੈ," ਉਨ੍ਹਾਂ ਨੇ ਟਿੱਪਣੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਗੱਲਬਾਤ ਤੋਂ ਬਾਅਦ ਅਮਰੀਕੀ ਵਫ਼ਦ ਵਾਪਸ ਵਾਸ਼ਿੰਗਟਨ ਜਾ ਰਿਹਾ ਹੈ। ਇਸ ਨਾਲ ਇਰਾਨ-ਅਮਰੀਕਾ ਵਿਚਾਲੇ ਚੱਲ ਰਹੀ ਲੜਾਈ ਦਾ ਯੁੱਧਵਿਰਾਮ ਵੀ ਖਤਰੇ ਵਿੱਚ ਪੈ ਗਿਆ ਹੈ। ਦੂਜੇ ਪਾਸੇ ਇਰਾਨ ਵੱਲੋਂ ਵੀ ਸਖ਼ਤ ਰੁਖ਼ ਅਪਣਾਇਆ ਗਿਆ ਹੈ। ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਕਿਹਾ ਕਿ ਗੱਲਬਾਤ "ਸ਼ੱਕ ਅਤੇ ਬੇਭਰੋਸਗੀ" ਦੇ ਮਾਹੌਲ ਵਿੱਚ ਹੋਈ।



ਉਨ੍ਹਾਂ ਦੱਸਿਆ ਕਿ 40 ਦਿਨਾਂ ਦੀ ਲੜਾਈ ਤੋਂ ਬਾਅਦ ਇੱਕ ਗੇੜ ਦੀ ਗੱਲਬਾਤ ਤੋਂ ਵੱਡਾ ਸਮਝੌਤਾ ਉਮੀਦ ਕਰਨਾ ਗਲਤ ਸੀ। ਇਰਾਨ ਨੇ ਅਮਰੀਕਾ ਦੀਆਂ ਮੰਗਾਂ ਨੂੰ "ਬੇਲੋੜੀਆਂ ਅਤੇ ਅਤਿਕਥਨੀ" ਦੱਸਦਿਆਂ ਇਨਕਾਰ ਕਰ ਦਿੱਤਾ। ਬਘੇਈ ਨੇ ਇਹ ਵੀ ਕਿਹਾ ਕਿ ਗੱਲਬਾਤ ਦੀ ਸਫਲਤਾ ਅਮਰੀਕਾ ਦੀ "ਨੇਕ ਨੀਅਤ" 'ਤੇ ਨਿਰਭਰ ਕਰਦੀ ਹੈ। ਇਰਾਨ ਆਪਣੇ ਕੌਮੀ ਹਿੱਤਾਂ ਤੋਂ ਕੋਈ ਸਮਝੌਤਾ ਨਹੀਂ ਕਰੇਗਾ।

ਇਸ ਗੱਲਬਾਤ ਵਿੱਚ ਇੱਕ ਵੱਡਾ ਮੁੱਦਾ ਸਟ੍ਰੇਟ ਆਫ ਹਾਰਮੁਜ਼ ਵੀ ਸੀ। ਇਸ ਖੇਤਰ ਉੱਤੇ ਕੰਟਰੋਲ ਲਈ ਵੀ ਅਸਹਿਮਤੀ ਰਹੀ। ਇਰਾਨ ਨੇ ਪਾਬੰਦੀਆਂ ਹਟਾਉਣ ਅਤੇ ਖੇਤਰੀ ਸੁਰੱਖਿਆ ਬਾਰੇ ਆਪਣੀਆਂ ਮੰਗਾਂ ਰੱਖੀਆਂ। ਪਾਕਿਸਤਾਨ ਨੇ ਵਿਚੋਲਗੀ ਦੀ ਭੂਮਿਕਾ ਨਿਭਾਈ ਪਰ ਉਸ ਦੇ ਬਾਵਜੂਦ ਕੋਈ ਨਤੀਜਾ ਨਾ ਨਿਕਲਿਆ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਵੀ ਵੈਂਸ ਦੀ ਮੁਲਾਕਾਤ ਹੋਈ ਸੀ।

## ਦੁੱਖ ਬਥੇਰੇ



ਰੇਗਿਸਤਨ ਦੇ ਰੁੱਖ ਤਰਸਦੇ,ਜਿੱਦਾਂ ਪਾਣੀ ਨੂੰ।
ਕੰਨ ਤਰਸਦੇ ਏਦਾਂ ਸੱਜਣਾ ਤੇਰੀ ਬਾਣੀ ਨੂੰ।
ਸਿੱਧੇ-ਸਾਧੇ ਕੰਮ ਨੂੰ ਤਾਂ ਹੱਥ ਹਰ ਕੋਈ ਪਾ ਲੈਂਦਾ,
ਸੌਖਾ ਨਹੀਂ ਸੁਲਝਾਉਣਾ ਹੁੰਦਾ ਉਲਝੀ ਤਾਣੀ ਨੂੰ।
ਜਿੰਨਾ ਵਰਤਣਾ ਵਰਤੋ ਮਿੱਤਰੋ ਧਰਤੀ ਉੱਤਲੇ ਨੂੰ
ਸਾਂਭ-ਸਾਂਭਕੇ ਰੱਖੋ ਧਰਤੀ ਵਿੱਚਲੇ ਪਾਣੀ ਨੂੰ।
ਹਰ ਕੋਈ ਖੁਸ਼-ਖੁਸ਼ ਲੱਗਦਾ ਭਾਵੇਂ ਉਤੋਂ ਵੇਖਣ ਨੂੰ,
ਅੰਦਰੋਂ ਦੁੱਖ ਬਥੇਰੇ ਹੁੰਦੇ ਜਿੰਦ ਨਿਮਾਣੀ ਨੂੰ।
ਦੁੱਧ ਰਿੜਕਦੀ ਹੋਈ ਮਾਂ ਦਾ ਝਉਲਾ ਪੈ ਜਾਂਦਾ,
ਕੀਲੀ ਉੱਤੇ ਟੰਗੀ ਹੋਈ ਦੇਖ ਮਧਾਣੀ ਨੂੰ।
ਮੈਂ ਤਾਂ ਤੈਨੂੰ ਖ਼ਾਬਾਂ ਦੇ ਵਿੱਚ ਲੱਭਦਾ ਰਹਿੰਦਾ ਹਾਂ,
ਮੇਲੇ ਦੇ ਵਿੱਚ ਲੱਭਦਾ ਜਿੱਦਾਂ ਹਾਣੀ ਹਾਣੀ ਨੂੰ।
ਤੇਰੇ ਜਾਣੇ ਪਿੱਛੋਂ ਸੱਜਣਾ ਰੁਲਿਆ ਫਿਰਦਾ ਹਾਂ,
ਕਿੰਨੇ ਹੀ ਦੁੱਖ ਪੈ ਗਏ ਮੇਰੀ ਜਿੰਦ ਨਿਮਾਣੀ ਨੂੰ।
ਦਿਲ ਆਪਣੇ ਵਿੱਚ ਤੈਨੂੰ ਐਦਾਂ ਸਾਂਭੀ ਬੈਠਾ ਹਾਂ,
ਮਹਿਲਾਂ ਦੇ ਵਿੱਚ ਰਾਜਾ ਜਿੱਦਾਂ ਰੱਖਦਾ ਰਾਣੀ ਨੂੰ।
ਬੁਜ਼ਦਿਲ ਲੋਕਾਂ ਵਾਂਗੂੰ ਜਿੰਦਗੀ ਜੀਣੀ ਸਿੱਖੀ ਨਹੀਂ,
ਗੱਲ ਕਰਦਾ ਹੈ ਪੂਰੀ 'ਨਾਗਰਾ' ਮਨ ਵਿੱਚ ਠਾਣੀ ਨੂੰ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਸਵੇਰ ਸੁਨੇਹਾ



ਵਿਸਾਖੀ ਗਰਮੀਆਂ ਆਉਣ ਦਾ ਸੱਦਾ ਸੁਨੇਹਾ ਤੇ ਸੁਨਹਿਰੀ ਕਣਕਾਂ ਨੂੰ ਦਾਤੀ ਪਾ ਕੇ ਜੱਟ ਜ਼ਿਮੀਂਦਾਰ ਨੂੰ ਖੁਸ਼ੀਆਂ ਭਰਿਆ ਮੇਲਾ ਲੱਗਦਾ ਸੀ।
ਪ੍ਰੰਤੂ ਇਸ ਵਾਰ ਨਾ ਸਰਦੀ ਜਾਣ ਤੇ ਨਾ ਹੀ ਗਰਮੀ ਆਉਣ ਦੀ ਸਮਝ ਆ ਰਹੀ ਹੈ। ਜੱਟ ਦੀ ਮਾਨਸਿਕਤਾ ਤਾਂ ਮੀਂਹ, ਗੜਿਆਂ ਦੇ ਕਾਰਨ ਭੰਬਲਭੂਸੇ ਪਈ ਹੋਈ ਹੈ ਕਿ,ਖਾਣ ਜੋਗੇ ਦਾਣੇ ਭੜੋਲੇ ਵਿੱਚ ਪੈਣਗੇ ਜਾਂ ਕਿ ਨਹੀਂ। ਕਾਹਦੀ ਵਿਸਾਖੀ, ਕਿਹੜੇ ਮੇਲੇ ਵਿੱਚ ਦਮਾਮੇ,,,,,,,,।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਗ਼ਜ਼ਲ // ਹਰਮੀਤ ਵਿਦਿਆਰਥੀ



ਮੇਰੇ ਕੋਲ ਸਮਾਂ ਹੈ ਕਿੱਥੇ ਆਪਣੇ ਬਾਰੇ ਸੋਚਣ ਲਈ।
ਮੈਂ ਧਰਤੀ ਤੇ ਆਇਆ ਹਾਂ ਬਸ ਮੇਲਾ-ਸ਼ੇਲਾ ਵੇਖਣ ਲਈ।
ਬਿਨਾਂ ਵਜ੍ਹਾ ਹੀ ਅਥੱਰਾ ਹਾਸਾ ਅੰਬਰ ਤਾਈਂ ਜਾਂਦਾ ਸੀ,
ਬਹੁਤ ਬਹਾਨੇ ਚਾਹੀਦੇ ਨੇ ਹੁਣ ਤਾਂ ਮੈਨੂੰ ਹੱਸਣ ਲਈ।
ਗ਼ਲਤੀ ਕਰਦਿਆਂ ਅੰਦਰੋ ਅੰਦਰੀ ਕੰਬ ਜਿਹਾ ਜਾਂਦਾ ਹਾਂ ਮੈਂ,
ਕੰਡ ਨੰਗੀ ਹੈ ਮੇਰੀ, ਸਿਰ ਤੇ ਮਾਪੇ ਹੈ ਨਈਂ ਟੋਕਣ ਲਈ।
ਉਹਨੇ ਹੱਥ ਤੇ ਹੱਥ ਧਰਿਆ ਸੀ ਤੇ ਮੈਂ ਬਸ ਵਹਿ ਤੁਰਿਆ ਸਾਂ,
ਮੇਰੇ ਅੱਥਰੂ ਕਿਉਂ ਬਿਹਬਲ ਸਨ ਛੇਤੀ ਛੇਤੀ ਡੁੱਲਣ ਲਈ ?
ਮੇਰੇ ਮਨ ਦੀ ਧਰਤੀ ਤਾਂ ਇਕ ਮੁੱਦਤ ਤੋਂ ਹੀ ਬੰਜਰ ਹੈ,
ਬਸ ਕੁਝ ਹੰਝੂ ਲੋੜੀਦੇ ਨੇ ਮੈਨੂੰ ਫ਼ਿਰ ਤੋਂ ਮੌਲਣ ਲਈ।
ਤਸਵੀਰ ਲਈ ਸ਼ੁਕਰੀਆ

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਨਾਟਕ...**


ਜ਼ਿੰਦਗੀ ਨੂੰ ਨਾਟਕ ਸਮਝ ਕੇ ਜੀਵੋ। ਸੁੱਖ ਦੁੱਖ ਜਿਆਦਾ ਵੱਖਰੇ ਨਹੀਂ ਲੱਗਣਗੇ। ਟ੍ਰੈਜਿਕ ਨਾਟਕ ਹੀ ਵਧੀਆ ਮੰਨਿਆ ਜਾਂਦੈ॥ ਨਾਟਕ 'ਚ ਅਦਾਕਾਰੀ ਦਾ ਹੀ ਮੁੱਲ ਪੈਂਦੈ। ਜ਼ਿੰਦਗੀ ਦੀ ਐਕਟਿੰਗ ਖੁੱਭ ਕੇ ਕਰਦੇ ਜਾਓ। ਨਸ਼ਟੋ ਮੂੰਹਾਂ ਬਣਦੇ ਜਾਵੋਂਗੇ॥ ਕਾਮਯਾਬ ਨਾਟਕ ਓਹੀ ਜੋ ਛੋਟੇ ਸੈੱਟਅੱਪ ਨਾਲ ਚਲਦਾ ਹੋਵੇ। ਹਲਕੀ ਫੁੱਲਕੀ ਚਲਦੀ ਜ਼ਿੰਦਗੀ ਹੀ ਸ਼ਾਨਦਾਰ ਰਹਿੰਦੀ ਹੈ। ਸਾਦਾ ਰਹੋ॥

**ਨੁੱਕਰ...**

ਮਿਸਤਰੀ ਓਹੀ ਕਲਾਕਾਰ ਜੋ ਕਮਰੇ ਦੀ ਨੁੱਕਰ ਤੱਕ ਬੋਲਣ ਲਾ ਦੇਵੇ। ਜ਼ਿੰਦਗੀ ਦੀਆਂ ਨੁੱਕਰਾਂ 'ਚ ਯਾਦਾਂ ਸੰਭਾਲਦੇ ਰਹੋ ਤਾਂ ਲੰਘੇ ਪਲਾਂ 'ਤੇ ਮਾਨ ਹੋਣਾ ਸ਼ੁਰੂ ਹੋ ਜਾਂਦੈ॥ ਨੁੱਕਰੀ ਘੋੜੀ ਦਾ ਨਖਰਾ ਪਾਰਖੂਆਂ ਲਈ ਹਮੇਸ਼ਾ ਖਿੱਚ ਦਾ ਕੇਂਦਰ ਬਣਿਆ ਰਹਿੰਦੈ॥ ਨੁਕਰਾਂ ਸਭਾਲਣ ਵਾਲੇ ਖਿਡਾਰੀ ਦੀ ਹਰੇਕ ਕਦਰ ਕਰਦੈ। ਟੀਮ 'ਚ ਵੱਖਰੀ ਪਹਿਚਾਣ ਬਣੀ ਰਹਿੰਦੀ ਆ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਨਾ ਕਿਸੇ ਨਾਲ ਮੁਕਾਬਲਾ ,ਨਾ ਕਿਸੇ ਦੀ ਰੀਸ ,ਤੂੰ ਅਪਣੀ ਜਗ੍ਹਾ ਠੀਕ ,ਮੈਂ ਆਪਣੀ ਜਗ੍ਹਾ ਠੀਕ



ਨਾ ਕਿਸੇ ਨਾਲ ਮੁਕਾਬਲਾ ,ਨਾ ਕਿਸੇ ਦੀ ਰੀਸ ।
ਤੂੰ ਅਪਣੀ ਜਗ੍ਹਾ ਠੀਕ ,ਮੈਂ ਆਪਣੀ ਜਗ੍ਹਾ ਠੀਕ।
ਕੁਦਰਤ ਨੇ ਜਦ ਸਿਰਜਿਆ ਸਾਨੂੰ
ਸਭ ਕੁੱਝ ਵੱਖਰਾ ਵੱਖਰਾ ਸੀ ।
ਨੈਣ-ਨਕਸ਼ ,ਰੰਗ-ਰੂਪ, ਡੀਲ-ਡੌਲ ਸਭ ਕੁੱਝ ਵੱਖਰਾ ਵੱਖਰਾ ਸੀ।
ਮੱਥੇ ਦੀਆਂ ਲਕੀਰਾਂ ਵੱਖਰੀਆਂ, ਹਰ ਹੱਥ ਦੀ ਇੱਕ ਇੱਕ ਲੀਕ।
ਫਿਰ ਭਲਾ ਕਿਉਂ ਇੱਕ ਦੂਜੇ ਦੀ ਕਰਦੇ ਫਿਰੀਏ ਤਸਦੀਕ।
ਇੱਕ ਇੱਕ ਸਾਹ ਦੀ ਗਿਣਤੀ ਵੱਖਰੀ,
ਵੱਖਰੀ ਜੰਮਣ ਮਰਨ ਦੀ ਤਰੀਕ
ਫਿਰ ਭਲਾ ਅਸੀਂ ਕੀ ਲੈਣਾ ਬਣਕੇ ਇੱਕ ਦੂਜੇ ਦੇ ਸ਼ਰੀਕ।
ਪਤਾ ਨਹੀਂ ਇਹ ਕਦ ਟੁੱਟ ਜਾਣੀ ,ਇਹ ਸਾਹਾਂ ਵਾਲੀ ਤੰਦ ਬੜੀ ਬਰੀਕ,ਇਹ ਸਾਹਾਂ ਵਾਲੀ ਤੰਦ ਬੜੀ ਬਰੀਕ।
ਓਹਦੀ ਦਰਗਾਹ ਵਿੱਚ ਕਾਹਲੋਂ ਲੇਖਾ ਸਭ ਨੇ ਦੇਣਾ , ਈਰਖਾ, ਸਾੜਾ ਮਨ ਵਿੱਚ ਰੱਖਕੇ ਨਾ ਮਾੜੇ ਕਰਮ ਉਲੀਕ, ਨਾ ਮਾੜੇ ਕਰਮ ਉਲੀਕ
✍️ਹਰਵਿੰਦਰ ਕੌਰ ਕਾਹਲੋਂ

ਇਹ ਲਾਈਨਾਂ ਮੇਰੇ ਦਿਮਾਗ ਵਿੱਚ ਉਦੋਂ ਆਈਆਂ ਜਦੋਂ ਮੈਂ ਸੋਚ ਰਹੀ ਸੀ ਕਿ ਇੱਕ ਦੂਜੇ ਦੇ ਰੰਗ ਰੂਪ, ਗਿਆਨ, ਕਾਬਲੀਅਤ,ਪੈਸੇ ਕੋਠੀਆਂ ਕਾਰਾਂ ,ਬਿਜਨੈਸ , ਰੁਤਬੇ ਅਤੇ ਜ਼ਮੀਨ ਜਾਇਦਾਦ ਨੂੰ ਵੇਖ ਵੇਖ ਕੇ ਕਦੇ ਸੜਨਾ ਜਾਂ ਈਰਖਾ ਨਹੀਂ ਕਰਨੀ ਚਾਹੀਦੀ,ਮੇਰੇ ਮਨ ਵਿੱਚ ਕਿਸੇ ਕੋਲ ਵੀ ਇਹ ਚੀਜ਼ਾਂ ਹੋਣ ਤਾਂ , ਨਾ ਤੇ ਕਦੇ ਸਾੜਾ ,ਈਰਖਾ ਹੋਈ ਨਾ ਕਦੇ ਰੀਸ ਨਾ ਹੂ-ਬਹੂ ਉਂਝ ਦਾ ਸਭ ਕੁੱਝ ਅਗਲੇ ਵਰਗਾ ਚਾਹਿਆ ਨਾ ਪਾਉਣ ਦਾ ਯਤਨ ਕੀਤਾ ,ਨਾ ਬਹੁਤਾ ਧਿਆਨ ਦਿੱਤਾ , ਹਾਂ ਕੋਈ ਚੀਜ਼ ਬਹੁਤ ਵਧੀਆ ਤੇ ਸੋਹਣੀ ਲੱਗੀ ਹੋਵੇ ਤਾਂ ਪ੍ਰਸੰਸਾ ਜਰੂਰ ਕਰੀਦੀ ਪਰ ਯਤਨ ਨਹੀਂ ਕੀਤਾ ਕਿ ਨਕਲ ਨਾਲ ਮੈਂ ਵੀ ਕੁੱਝ ਓਸੇ ਤਰ੍ਹਾਂ ਦਾ ਖਰੀਦ ਲਵਾਂ ,ਕਿਉਂਕਿ ਹਰ ਇੱਕ ਦੀ ਆਪਣੀ ਵੱਖਰੀ ਪਹਿਨਣ ਵਿਚਰਨ ਦੀ ਇੱਕ ਪਰਸਨੈਲਿਟੀ ਹੋਣੀ ਚਾਹੀਦੀ,ਨਕਲ ਮਾਰੀ ਚੰਗੀ ਨਹੀਂ ਲੱਗਦੀ । ਜਿਹੜੀ ਗੱਲ ਮੈਂ ਈਰਖਾ ਸਾੜੇ ਦੀ ਕਰ ਰਹੀ ਸੀ ,ਜੇਕਰ ਸੋਚਿਆ ਜਾਵੇ ਤਾਂ ਕੁਦਰਤ ਨੇ ਸਾਨੂੰ ਸਭ ਨੂੰ ਵੱਖਰਾ ਵੱਖਰਾ ਰੰਗ ਰੂਪ ,ਨੈਣ ਨਕਸ਼, ਡੀਲ ਡੌਲ,ਅਕਲ ,ਕਿਸਮਤ ਮਤਲਬ ਸਭ ਕੁੱਝ ਵੱਖਰਾ ਵੱਖਰਾ ਦਿੱਤਾ ਹੈ ,ਅਸੀਂ ਇੰਗਲਿਸ਼ ਵਿੱਚ ਇੱਕ ਸ਼ਬਦ ਵਰਤਦੇ ਹਾਂ (Unique) ਮਤਲਬ (ਜਿਸ ਵਰਗਾ ਕੋਈ ਹੋਰ ਨਾ ਹੋਵੇ )ਅਸੀਂ ਸਾਰੇ ਇੱਕ ਦੂਜੇ ਤੋਂ ਅਲੱਗ ਹਾਂ । ਸਾਡੇ ਸਾਰਿਆਂ ਵਿੱਚ ਵੱਖਰੇ ਵੱਖਰੇ ਗੁਣ ਹਨ ,ਸਾਡੀ ਜਨਮ ਤਰੀਕ ਦੂਜਿਆਂ ਤੋਂ ਅਲੱਗ , ਜੰਮਣ ਦਾ ਸਮਾਂ ਅਲੱਗ ਏਥੋਂ ਤੱਕ ਕਿ ਜੁੜਵਾਂ ਬੱਚਿਆਂ ਦਾ ਸਮਾਂ ਵੀ ਅਲੱਗ ਹੁੰਦਾ ਹੈ ,ਚਿਹਰੇ -ਮੋਹਰੇ ਵਿੱਚ ਵੀ ਥੋੜ੍ਹਾ ਜਿਹਾ ਅੰਤਰ ਹੁੰਦਾ ਹੈ, ਗੁਣਾਂ ਵਿੱਚ ਵੀ ਅੰਤਰ ਹੁੰਦਾ ਹੈ ,ਕਹਿਣ ਦਾ ਭਾਵ ਸਾਡੇ ਵਰਗਾ ਪੀਸ ਉਸਨੇ ਇੱਕ ਹੀ ਬਣਾਇਆ ਹੁੰਦਾ ਹੈ । ਅਸੀਂ ਇਸ ਧਰਤੀ ਤੇ ਆਉਂਦੇ ਵੀ ਇਕੱਲੇ ਹਾਂ ,ਜਾਂਦੇ ਵੀ ਇਕੱਲੇ ਫਿਰ ਜਿਉਂਦੇ ਜੀਅ ਅਸੀਂ ਕਿਉਂ ਇੱਕ ਦੂਜੇ ਤੋਂ ਈਰਖਾ ਕਰ ਕਰ ਮਰ ਚੱਲੇ । ਜੇਕਰ ਕਿਸੇ ਕੋਲ ਸਾਡੇ ਨਾਲੋਂ ਜਿਆਦਾ ਹੈ ਤਾਂ ਉਹ ਉਸਦੀ ਕਿਸਮਤ ਅਤੇ ਮਿਹਨਤ ਅਸੀਂ ਕਿਉਂ ਅਗਲੇ ਦੀ ਹੀ ਰੀਸ ਕਰਨੀ । ਅਸੀਂ ਕੁੱਝ ਦੂਜੇ ਤੋਂ ਹੱਟਕੇ ਕਿਉਂ ਨਾ ਕਰੀਏ ਤੇ ਦੂਜੇ ਨੂੰ ਆਪਣੇ ਤੋਂ ਨੀਵਾਂ ਵਿਖਾਉਣ ਦਾ ਯਤਨ ਕਿਉਂ ਕਰੀਏ । ਏਸੇ ਸਾੜੇ ਤੇ ਈਰਖਾ ਦੀ ਅੱਗ ਕਰਕੇ ਅਸੀਂ ਕਈ ਵਾਰ ਕਿਸੇ ਦਾ ਮਾੜਾ ਵੀ ਕਰ ਜਾਂਦੇ ਹਾਂ ਤੇ ਨਾ ਵੀ ਕੀਤਾ ਹੋਵੇ ਜਾਂ ਕਰ ਸਕੀਏ ਫਿਰ ਵੀ ਕਿਸੇ ਦਾ ਮਾੜਾ ਸੋਚ ਹੀ ਲਿਆ ਤਾਂ ਗੱਲ ਤਾਂ ਇੱਕ ਬਰਾਬਰ ਹੀ ਹੋ ਗਈ । ਕੱਲ੍ਹ ਮੈਂ ਦੱਸਵੀਂ ਜਮਾਤ ਦੇ ਵਿਦਿਆਥੀਆਂ ਨੂੰ ਰੱਾਬਰਟ ਫ੍ਰੌਸਟ ਦੀ ਕਵਿਤਾ Fire and Ice ਪੜ੍ਹਾ ਰਹੀ ਸੀ ਜਿਸਦੇ ਵਿੱਚ ਕਵੀ ਨੇ ਨਿਚੋੜ ਕੱਢਿਆ ਹੈ ਅਤੇ ਉਸਨੇ ਅੱਗ ਨੂੰ ਕ੍ਰੋਧ ਅਤੇ ਹਿੰਸਾ ਦਾ ਪ੍ਰਤੀਕ ਅਤੇ ਬਰਫ਼ ਨੂੰ ਨਫ਼ਰਤ ਦਾ ਪ੍ਰਤੀਕ ਦੱਸਿਆ ਸੀ ਅਤੇ ਕਿਹਾ ਸੀ ਕਿ ਲੋਕਾਂ ਦੇ ਵੱਖਰੇ ਵੱਖਰੇ ਵਿਚਾਰ ਹਨ ਕਿ ਇਸ ਸੰਸਾਰ ਦਾ ਅੰਤ ਦੋ ਚੀਜ਼ਾਂ ਤੋਂ ਹੋਣਾ ਤੈਅ ਹੈ ਕੁੱਝ ਲੋਕ ਕਹਿੰਦੇ ਹਨ ਕਿ ਇਸ ਸੰਸਾਰ ਦਾ ਅੰਤ ਅੱਗ ਜਾਨੀ (ਗੁੱਸਾ ,ਕ੍ਰੋਧ,ਹਿੰਸਾ ) ਤੋਂ ਹੋਣਾ ਹੈ ਅਤੇ ਕੁੱਝ ਕਹਿੰਦੇ ਹਨ ਕਿ ਬਰਫ਼ ਜਾਨੀ ਠੰਡਾਪਣ ,ਜਦੋਂ ਲੋਕ ਸ਼ਾਂਤ ਹੋ ਜਾਣ ਬਰਫ਼ ਦੀ ਸਿੱਲ ਵਾਂਗ ਠੰਡੇ ਹੋ ਜਾਣ,ਰਿਸ਼ਤਿਆਂ ਵਿੱਚ ਪਿਆਰ ਦੀ ਥਾਂ ਠੰਢੀ ਨਫ਼ਰਤ ਆ ਜਾਵੇ ,ਫਿਰ ਸੰਸਾਰ ਦਾ ਪਤਨ ਹੋ ਜਾਵੇਗਾ। ਸੋ ਈਰਖਾ, ਸਾੜਾ ,ਕ੍ਰੋਧ ਅਤੇ ਨਫ਼ਰਤ ਮਨੁੱਖ ਦਾ ਪਤਨ ਕਰਦੇ ਹਨ ਇਹਨਾਂ ਤੋਂ ਬਚਣਾ ਜ਼ਰੂਰੀ ਹੈ । ✍️ਹਰਵਿੰਦਰ ਕੌਰ ਕਾਹਲੋਂ

# ਪਿੱਤੇ ਦੀ ਪਥਰੀ (Gallstones) ਡਾ ਅਜੀਤਪਾਲ ਸਿੰਘ ਐਮ ਡੀ



ਪਿੱਤੇ ਦੀ ਥੈਲੀ ਵਿੱਚ ਬਣਨ ਵਾਲੇ ਠੋਸ ਟੁਕੜੇ ਪਥਰੀਆਂ ਹੁੰਦੀਆਂ ਹਨ। ਇੱਥੇ ਇਸ ਦੇ ਕਾਰਨ, ਲੱਛਣ, ਇਲਾਜ, ਗੁੰਝਲਾਂ ਤੇ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ:

ਕਾਰਨ:
· ਪਿੱਤੇ ਵਿੱਚ ਕੋਲੇਸਟ੍ਰੋਲ ਜਾਂ ਬਿਲੀਰੂਬਿਨ ਦੀ ਵੱਧ ਮਾਤਰਾ
· ਪਿੱਤੇ ਦੀ ਥੈਲੀ ਦਾ ਪੂਰੀ ਤਰ੍ਹਾਂ ਖਾਲੀ ਨਾ ਹੋਣਾ
· ਮੋਟਾਪਾ, ਤੇਜ਼ ਭਾਰ ਘਟਾਉਣਾ, ਜਾਂ ਖ਼ੂਨ ਦੀਆਂ ਕੁਝ ਬਿਮਾਰੀਆਂ
· ਗਰਭ ਅਵਸਥਾ, ਸ਼ੂਗਰ, ਜਾਂ ਜਿਗਰ ਦੀ ਬਿਮਾਰੀ

ਲੱਛਣ (ਅਲਾਮਤਾਂ):
· ਬਿਨਾਂ ਲੱਛਣਾਂ ਵਾਲੀ ਪਥਰੀ (ਮੌਕੇ ਨਾਲ ਪਤਾ ਲੱਗਦੀ ਹੈ)
· ਪੇਟ ਦੇ ਉੱਪਰਲੇ ਸੱਜੇ ਹਿੱਸੇ ਵਿੱਚ ਅਚਾਨਕ ਤੇਜ਼ ਦਰਦ (ਬਾਈਲ ਕੋਲਿਕ)
· ਖਾਣਾ ਖਾਣ ਤੋਂ ਬਾਅਦ ਦਰਦ ਵਧਣਾ, ਖਾਸ ਕਰਕੇ ਚਰਬੀਲਾ ਭੋਜਨ
· ਮਤਲੀ, ਉਲਟੀਆਂ, ਪਸੀਨਾ, ਬੇਚੈਨੀ
· ਜੇ ਪਿੱਤੇ ਦੀ ਨਲੀ ਵਿੱਚ ਰੁਕਾਵਟ ਪਵੇ ਤਾਂ ਪੀਲੀਆ, ਗੂੜ੍ਹਾ ਪਿਸ਼ਾਬ, ਹਲਕਾ ਟੱਟੀ, ਬੁਖਾਰ

ਇਲਾਜ:
· ਬਿਨਾਂ ਲੱਛਣਾਂ ਵਾਲੀ ਪਥਰੀ ਨੂੰ ਆਮ ਤੌਰ 'ਤੇ ਇਲਾਜ ਦੀ ਲੋੜ ਨਹੀਂ
· ਦਰਦ ਵਾਲੀ ਪਥਰੀ ਲਈ: ਪਿੱਤੇ ਦੀ ਥੈਲੀ ਨੂੰ ਸਰਜਰੀ ਨਾਲ ਹਟਾਉਣਾ (ਲੈਪਰੋਸਕੋਪਿਕ ਕੋਲੀਸਿਸਟੈਕਟੋਮੀ – ਆਮ ਤੇ ਰਿਕਵਰੀ ਤੇਜ਼)
· ਦਵਾਈਆਂ (ਕੋਲੇਸਟ੍ਰੋਲ ਵਾਲੀਆਂ ਕੁਝ ਪਥਰੀਆਂ ਲਈ, ਪਰ ਸਮਾਂ ਲੱਗਦਾ ਹੈ ਤੇ ਮੁੜ ਹੋ ਸਕਦੀਆਂ)
· ERCP (ਜੇ ਪਥਰੀ ਪਿੱਤੇ ਦੀ ਨਲੀ ਵਿੱਚ ਫਸੀ ਹੋਵੇ)

ਗੁੰਝਲਾਂ (ਜਟਿਲਤਾਵਾਂ):
· ਪਿੱਤੇ ਦੀ ਥੈਲੀ ਦੀ ਸੋਜ (Cholecystitis) – ਤੇਜ਼ ਦਰਦ, ਬੁਖਾਰ
· ਪਿੱਤੇ ਦੀ ਨਲੀ ਦੀ ਰੁਕਾਵਟ – ਪੀਲੀਆ, ਇਨਫੈਕਸ਼ਨ
· ਪੈਨਕ੍ਰੀਆਟਾਈਟਸ (ਲਾਂਘੇ ਦੀ ਸੋਜ) – ਗੰਭੀਰ ਸਥਿਤੀ
· ਪਿੱਤੇ ਦੀ ਥੈਲੀ ਦਾ ਕੈਂਸਰ (ਬਹੁਤ ਘੱਟ, ਪਰ ਲੰਬੇ ਸਮੇਂ ਦੀ ਸੋਜ ਨਾਲ ਖ਼ਤਰਾ)

ਸਾਵਧਾਨੀਆਂ (ਬਚਾਅ ਤੇ ਦੇਖਭਾਲ):
· ਸਿਹਤਮੰਦ ਭਾਰ ਬਣਾਈ ਰੱਖੋ, ਮੋਟਾਪੇ ਤੋਂ ਬਚੋ
· ਭਾਰ ਘਟਾਉਣਾ ਹੋਵੇ ਤਾਂ ਹੌਲੀ-ਹੌਲੀ (ਹਫ਼ਤੇ 'ਚ 0.5-1 ਕਿਲੋ)
· ਫਾਈਬਰ ਨਾਲ ਭਰਪੂਰ ਖੁਰਾਕ (ਫਲ, ਸਬਜ਼ੀਆਂ, ਸਾਬਤ ਅਨਾਜ)
· ਚਰਬੀਲੇ, ਤਲੇ ਹੋਏ ਤੇ ਪ੍ਰੋਸੈਸਡ ਭੋਜਨ ਤੋਂ ਪਰਹੇਜ਼
· ਪਾਣੀ ਢੁਕਵਾਂ ਪੀਓ, ਸਰੀਰਕ ਕਿਰਿਆ ਕਰੋ
· ਜੇ ਪਥਰੀ ਦੇ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਲਓ

ਕਿਸੇ ਵੀ ਲੱਛਣ ਜਾਂ ਇਲਾਜ ਲਈ ਯੋਗ ਡਾਕਟਰ ਦੀ ਸਲਾਹ ਜ਼ਰੂਰ ਲਓ।

# ਸ਼ਬਦਾਂ ਦੀ ਤਾਕਤ: ਦਿਲ ਵਿੱਚ ਵਸਣ ਤੇ ਦਿਲੋਂ ਉਤਰਨ ਦਾ ਸਫ਼ਰ



ਇਨਸਾਨੀ ਜ਼ਿੰਦਗੀ ਵਿੱਚ ਸ਼ਬਦਾਂ ਦਾ ਮਹੱਤਵ ਉਨਾ ਹੀ ਹੈ ਜਿੰਨਾ ਜਿਊਣ ਲਈ ਸਾਹਾਂ ਦਾ। ਕੁਦਰਤ ਨੇ ਇਨਸਾਨ ਨੂੰ ਬੋਲਣ ਦੀ ਸ਼ਕਤੀ ਇੱਕ ਬਹੁਤ ਹੀ ਨਿਵੇਕਲੇ ਤੋਹਫ਼ੇ ਵਜੋਂ ਦਿੱਤੀ ਹੈ, ਪਰ ਇਹ ਸ਼ਕਤੀ ਇੱਕ ਦੋ-ਧਾਰੀ ਤਲਵਾਰ ਵਾਂਗ ਹੈ। ਸਾਡੀ ਜ਼ਬਾਨ 'ਚੋਂ ਨਿਕਲਿਆ ਇੱਕ-ਇੱਕ ਬੋਲ ਕਿਸੇ ਦੀ ਬੁਝਦੀ ਹੋਈ ਉਮੀਦ ਨੂੰ ਚਿਰਾਗ ਬਣਾ ਸਕਦਾ ਹੈ ਅਤੇ ਕਿਸੇ ਦੇ ਹੱਸਦੇ-ਖੇਡਦੇ ਸੰਸਾਰ ਨੂੰ ਪਲਾਂ ਵਿੱਚ ਉਜਾੜ ਵੀ ਸਕਦਾ ਹੈ। ਅੱਜ ਦੇ ਭੱਜ-ਦੌੜ ਵਾਲੇ ਜ਼ਮਾਨੇ ਵਿੱਚ, ਜਿੱਥੇ ਅਸੀਂ ਪਦਾਰਥਕ ਵਸਤੂਆਂ ਨੂੰ ਇਕੱਠਾ ਕਰਨ ਵਿੱਚ ਲੱਗੇ ਹੋਏ ਹਾਂ, ਉੱਥੇ ਅਸੀਂ ਅਕਸਰ ਇਹ ਭੁੱਲ ਜਾਂਦੇ ਹਾਂ ਕਿ ਸਭ ਤੋਂ ਵੱਡੀ ਦੌਲਤ ਸਾਡੇ ਉਹ ਬੋਲ ਹਨ ਜੋ ਅਸੀਂ ਦੂਜਿਆਂ ਲਈ ਵਰਤਦੇ ਹਾਂ।

ਸਿਆਣੇ ਕਹਿੰਦੇ ਹਨ ਕਿ ਕਮਾਨ 'ਚੋਂ ਨਿਕਲਿਆ ਤੀਰ ਅਤੇ ਜ਼ਬਾਨ 'ਚੋਂ ਨਿਕਲੇ ਸ਼ਬਦ ਕਦੇ ਵਾਪਸ ਨਹੀਂ ਆਉਂਦੇ। ਇਹ ਸ਼ਬਦ ਹੀ ਤੈਅ ਕਰਦੇ ਹਨ ਕਿ ਕੋਈ ਇਨਸਾਨ ਸਾਡੇ ਦਿਲ ਵਿੱਚ ਉਤਰੇਗਾ ਜਾਂ ਸਾਡੇ ਦਿਲ ਤੋਂ ਉਤਰ ਜਾਵੇਗਾ। ਜਦੋਂ ਅਸੀਂ ਕਿਸੇ ਨਾਲ ਹਮਦਰਦੀ ਅਤੇ ਪਿਆਰ ਭਰੇ ਦੋ ਬੋਲ ਬੋਲਦੇ ਹਾਂ, ਤਾਂ ਸਾਹਮਣੇ ਵਾਲਾ ਇਨਸਾਨ ਆਪਣੇ ਸਾਰੇ ਦੁੱਖ ਭੁੱਲ ਕੇ ਸਾਡਾ ਮੁਰੀਦ ਹੋ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ, ਜੇਕਰ ਕੋਈ ਬੱਚਾ ਪ੍ਰੀਖਿਆ ਵਿੱਚੋਂ ਫੇਲ੍ਹ ਹੋ ਜਾਵੇ ਜਾਂ ਕੋਈ ਦੋਸਤ ਨੌਕਰੀ ਖੁੱਸਣ ਕਾਰਨ ਪਰੇਸ਼ਾਨ ਹੋਵੇ, ਤਾਂ ਉਸ ਵੇਲੇ ਸਾਡਾ ਇਹ ਕਹਿਣਾ ਕਿ "ਕੋਈ ਗੱਲ ਨਹੀਂ, ਮੈਂ ਤੇਰੇ ਨਾਲ ਹਾਂ, ਅਸੀਂ ਮਿਲ ਕੇ ਮੁੜ ਕੋਸ਼ਿਸ਼ ਕਰਾਂਗੇ," ਉਸ ਇਨਸਾਨ ਦੇ ਮਨ ਵਿੱਚ ਸਾਡੀ ਇੱਜ਼ਤ ਹਮੇਸ਼ਾ ਲਈ ਵਧਾ ਦਿੰਦਾ ਹੈ। ਅਜਿਹੇ ਵਕਤ ਬੋਲੇ ਗਏ ਹੌਸਲੇ ਵਾਲੇ ਸ਼ਬਦ ਇਨਸਾਨ ਨੂੰ ਕਿਸੇ ਦੇ ਦਿਲ ਵਿੱਚ ਸਥਾਈ ਜਗ੍ਹਾ ਦਿਵਾ ਦਿੰਦੇ ਹਨ।

ਦੂਜੇ ਪਾਸੇ, ਸ਼ਬਦਾਂ ਦੀ ਕੁੜੱਤਣ ਰਿਸ਼ਤਿਆਂ ਦੀ ਬੁਨਿਆਦ ਨੂੰ ਹਿਲਾ ਕੇ ਰੱਖ ਦਿੰਦੀ ਹੈ। ਕਈ ਵਾਰ ਅਸੀਂ ਗੁੱਸੇ ਦੀ ਇੱਕ ਲਹਿਰ ਵਿੱਚ ਆ ਕੇ ਆਪਣੇ ਬਹੁਤ ਹੀ ਕਰੀਬੀ ਇਨਸਾਨ ਨੂੰ ਅਜਿਹਾ ਕੁਝ ਬੋਲ ਦਿੰਦੇ ਹਾਂ ਜੋ ਉਸ ਦੇ ਆਤਮ-ਸੰਮਾਨ ਨੂੰ ਸੱਟ ਮਾਰਦਾ ਹੈ। ਮੰਨ ਲਓ ਕਿਸੇ ਰਿਸ਼ਤੇ ਵਿੱਚ ਸਾਲਾਂ ਦਾ ਪਿਆਰ ਹੋਵੇ, ਪਰ ਇੱਕ ਮਾਮੂਲੀ ਬਹਿਸ ਦੌਰਾਨ ਜੇਕਰ ਕੋਈ ਪੁਰਾਣੀਆਂ ਗਲਤੀਆਂ ਦਾ ਤਾਅਨਾ ਮਾਰ ਦੇਵੇ ਜਾਂ ਅਜਿਹੇ ਸ਼ਬਦ ਵਰਤੇ ਜੋ ਦੂਜੇ ਦੀ ਰੂਹ ਨੂੰ ਛਲਣੀ ਕਰ ਦੇਣ, ਤਾਂ ਉਹ ਇਨਸਾਨ ਇੱਕ ਪਲ ਵਿੱਚ ਦਿਲ ਤੋਂ ਉਤਰ ਜਾਂਦਾ ਹੈ। ਭਾਵੇਂ ਬਾਅਦ ਵਿੱਚ ਅਸੀਂ ਹਜ਼ਾਰਾਂ ਵਾਰ ਮਾਫ਼ੀ ਮੰਗ ਲਈਏ, ਪਰ ਉਹ ਸ਼ਬਦ ਇੱਕ ਕੰਡੇ ਵਾਂਗ ਮਨ ਵਿੱਚ ਚੁਭਦੇ ਰਹਿੰਦੇ ਹਨ। ਪਿਆਰ ਤੇ ਸਤਿਕਾਰ ਦੀ ਉਹ ਤੰਦ ਜੋ ਸਾਲਾਂ ਵਿੱਚ ਬਣੀ ਸੀ, ਇੱਕ ਗਲਤ ਬੋਲ ਕਾਰਨ ਪਲਾਂ ਵਿੱਚ ਟੁੱਟ ਜਾਂਦੀ ਹੈ।

ਇਨਸਾਨੀ ਸੋਚ ਅਤੇ ਮਨੋਵਿਗਿਆਨ ਇਹ ਕਹਿੰਦਾ ਹੈ ਕਿ ਲੋਕ ਅਕਸਰ ਇਹ ਭੁੱਲ ਜਾਂਦੇ ਹਨ ਕਿ ਤੁਸੀਂ ਉਹਨਾਂ ਲਈ ਕੀ ਕੀਤਾ ਸੀ, ਪਰ ਉਹ ਇਹ ਕਦੇ ਨਹੀਂ ਭੁੱਲਦੇ ਕਿ ਤੁਹਾਡੇ ਸ਼ਬਦਾਂ ਨੇ ਉਹਨਾਂ ਨੂੰ ਕਿਹੋ ਜਿਹਾ ਮਹਿਸੂਸ ਕਰਵਾਇਆ ਸੀ। ਸ਼ਬਦਾਂ ਵਿੱਚ ਇੱਕ ਅਦਿੱਖ ਖ਼ੁਸ਼ਬੂ ਹੁੰਦੀ ਹੈ। ਜੇ ਅਸੀਂ ਚੰਗੇ ਬੋਲ ਬੋਲਦੇ ਹਾਂ, ਤਾਂ ਉਹ ਖ਼ੁਸ਼ਬੂ ਸਾਡੀ ਸ਼ਖ਼ਸੀਅਤ ਦਾ ਹਿੱਸਾ ਬਣ ਜਾਂਦੀ ਹੈ। ਦਿਲ ਵਿੱਚ ਉਤਰਨ ਵਾਲਾ ਇਨਸਾਨ ਉਹ ਨਹੀਂ ਹੁੰਦਾ ਜਿਸ ਕੋਲ ਬਹੁਤ ਗਿਆਨ ਜਾਂ ਪੈਸਾ ਹੋਵੇ, ਸਗੋਂ ਉਹ ਹੁੰਦਾ ਹੈ ਜਿਸ ਕੋਲ "ਬੋਲਣ ਦਾ ਸਲੀਕਾ" ਹੋਵੇ। ਉਹ ਜਾਣਦਾ ਹੈ ਕਿ ਕਦੋਂ ਚੁੱਪ ਰਹਿਣਾ ਹੈ ਅਤੇ ਕਦੋਂ ਸ਼ਬਦਾਂ ਰਾਹੀਂ ਕਿਸੇ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣੀ ਹੈ।

ਸਾਨੂੰ ਸਾਰਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਡੀ ਜ਼ਬਾਨ ਹੀ ਸਾਡੀ ਅਸਲੀ ਵਿਰਾਸਤ ਹੈ। ਅਸੀਂ ਆਪਣੇ ਪਿੱਛੇ ਮਹਿਲ-ਮੁਨਾਰੇ ਛੱਡੀਏ ਜਾਂ ਨਾ, ਪਰ ਜੇ ਅਸੀਂ ਲੋਕਾਂ ਦੀਆਂ ਯਾਦਾਂ ਵਿੱਚ ਆਪਣੇ ਮਿੱਠੇ ਬੋਲਾਂ ਦੀ ਮਹਿਕ ਛੱਡ ਜਾਈਏ, ਤਾਂ ਇਹੀ ਸਾਡੀ ਸਭ ਤੋਂ ਵੱਡੀ ਕਾਮਯਾਬੀ ਹੈ। ਕੋਸ਼ਿਸ਼ ਕਰੀਏ ਕਿ ਸਾਡੇ ਸ਼ਬਦ ਕਿਸੇ ਦੀ ਉਦਾਸੀ ਦਾ ਕਾਰਨ ਨਾ ਬਣਨ, ਸਗੋਂ ਕਿਸੇ ਦੇ ਚਿਹਰੇ ਦੀ ਮੁਸਕਰਾਹਟ ਬਣਨ। ਜਦੋਂ ਅਸੀਂ ਸੋਚ-ਸਮਝ ਕੇ ਅਤੇ ਪਿਆਰ ਨਾਲ ਬੋਲਣਾ ਸ਼ੁਰੂ ਕਰ ਦਿੰਦੇ ਹਾਂ, ਤਾਂ ਜ਼ਿੰਦਗੀ ਦੇ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੋ ਜਾਂਦੇ ਹਨ। ਅਖ਼ੀਰ ਵਿੱਚ ਇਹੀ ਸੱਚ ਹੈ ਕਿ ਚੰਗੇ ਬੋਲ ਹੀ ਇਨਸਾਨ ਨੂੰ ਅਮਰ ਬਣਾਉਂਦੇ ਹਨ ਅਤੇ ਉਸ ਨੂੰ ਦੂਜਿਆਂ ਦੇ ਦਿਲਾਂ ਵਿੱਚ ਹਮੇਸ਼ਾ ਲਈ ਵਸਾ ਦਿੰਦੇ ਹਨ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਦਿੱਲੀ ਦੀਆਂ ਸੜਕਾਂ 'ਤੇ ਦਿਖਿਆ ਲੋਕਾਂ ਦਾ ਅਥਾਹ ਉਤਸ਼ਾਹ ਅਤੇ ਵੱਡੀ ਇੱਕਤਰੀ ਨੇ ਸਿਰਜਿਆ ਨਵਾਂ ਇਤਿਹਾਸ




ਅੱਜ ਦੇ ਭੱਜਦੀ ਜੀਵਨ ਵਿਚ ਲੋਕਾਂ ਲਈ ਰੋਜ਼ਾਨਾ ਵਿਆਇਮ ਬਹੁਤ ਜ਼ਰੂਰੀ ਹੈ। |

ਦਿੱਲੀ ਵਿਚ ਇੱਕ ਵੱਡਾ ਅਤੇ ਉਤਸ਼ਾਹਪੂਰਣ ਇੱਕਤਰੀ ਹੋਈ ਹੈ। ਵਿਸਾਖੀ ਦੇ ਖਾਸ ਮੌਕੇ ਤੇ ਵਰਲਡ ਪੰਜਾਬੀ ਆਰਗਨਾਈਜ਼ੇਸ਼ਨ (ਡਬਲਯੂ.ਪੀ.ਓ.) ਅਤੇ ਸੁਪਰ ਸਿੱਖ ਫਾਊਂਡੇਸ਼ਨ ਵੱਲੋਂ ਚਲਾਈ ਗਈ ਬੈਸਾਖੀ ਮੈਰਾਥਨ ਨੇ ਸਾਰਿਆਂ ਦਾ ਧਿਆਨ ਖਿੱਚਿਆ। ਇਸ ਮੈਰਾਥਨ ਦਾ ਮੁੱਖ ਉਦੇਸ਼ ਭਾਰਤ ਨੂੰ ਡਰੱਗਾਂ ਤੋਂ ਮੁਕਤ ਬਣਾਉਣਾ ਅਤੇ ਨੌਜਵਾਨਾਂ ਵਿਚ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਘਟਨਾ ਨੇ ਪੰਜਾਬੀ ਭਾਈਚਾਰੇ ਅਤੇ ਦਿੱਲੀ ਵਾਸੀਆਂ ਵਿਚ ਖਾਸ ਉਤਸ਼ਾਹ ਪੈਦਾ ਕੀਤਾ ਹੈ।

ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਰਾਜ ਸਭਾ ਮੈਂਬਰ ਅਤੇ ਡਬਲਯੂ.ਪੀ.ਓ. ਦੇ ਅੰਤਰਰਾਸ਼ਟਰੀ ਪ੍ਰਧਾਨ, ਇਸ ਮੈਰਾਥਨ ਦੇ ਮੁੱਖ ਆਯੋਜਕ ਹਨ। ਉਨ੍ਹਾਂ ਨੇ ਇਸ ਇਨਿਸ਼ੀਏਟਿਵ ਨੂੰ ਸੁਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਲਾਇਆ ਹੈ। ਡਾ. ਸਾਹਨੀ ਲੰਬੇ ਸਮੇਂ ਤੋਂ ਨੌਜਵਾਨਾਂ ਵਿਚ ਡਰੱਗਾਂ ਦੀ ਲਤ ਖਿਲਾਫ ਲਗਾਤਾਰ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਸਾਖੀ ਵਰਗੇ ਤਿਉਹਾਰ ਤੇ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੌਜਵਾਨਾਂ ਨੂੰ ਸਿਹਤਮੰਦ ਰਾਹ ਵੱਲ ਲੈ ਜਾਣ ਵਿਚ ਮਦਦ ਕਰਦੀਆਂ ਹਨ। ਇਹ ਮੈਰਾਥਨ ਨਾ ਸਿਰਫ ਫਿਟਨੈੱਸ ਨੂੰ ਉਤਸ਼ਾਹਿਤ ਕਰਦੀ ਹੈ ਬਲਕਿ ਪੰਜਾਬੀ ਸਭਿਆਚਾਰ ਅਤੇ ਭਾਈਚਾਰਕ ਏਕਤਾ ਨੂੰ ਵੀ ਮਜ਼ਬੂਤ ਕਰਦੀ ਹੈ।

ਚੌਥੀ ਵਾਰ ਆਯੋਜਿਤ ਇਸ ਵੈਸਾਖੀ 5ਕੇ ਰਨ ਵਿਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਮੈਰਾਥਨ ਦਾ ਸਥਾਨ ਕਨਾਟ ਪਲੇਸ (ਇਨਰ ਸਰਕਲ), ਨਵੀਂ ਦਿੱਲੀ ਸੀ। ਲੋਕ ਸਵੇਰੇ 6:15 ਵਜੇ ਇਕੱਠੇ ਹੋਏ ਅਤੇ 7 ਵਜੇ ਰੇਸ ਸ਼ੁਰੂ ਹੋਈ। ਇਸ ਵਿਚ 5 ਕਿਲੋਮੀਟਰ ਦੀ ਦੂਰੀ ਸੀ, ਜਿਸ ਵਿਚ ਟਾਈਮਡ ਅਤੇ ਨਾਨ-ਟਾਈਮਡ ਰਨ ਰੱਖੇ ਗਏ ਸਨ। ਬਿਬ ਡਿਸਟ੍ਰੀਬਿਊਸ਼ਨ ਗੁਰੂਦੁਆਰਾ ਰਕਾਬਗੰਜ ਸਾਹਿਬ ਵਿਚ ਹੋਈ ਸੀ। ਇਸ ਇਵੈਂਟ ਵਿਚ ਰਨਰਾਂ ਨੇ ਰੰਗੀਨ ਤੇ ਉਤਸ਼ਾਹਪੂਰਣ ਵਾਤਾਵਰਣ ਵਿਚ ਭਾਗ ਲਿਆ। ਬੈਸਾਖੀ ਦੀ ਖੁਸ਼ੀ, ਪੰਜਾਬੀ ਸਭਿਆਚਾਰ ਅਤੇ ਫਿਟਨੈੱਸ ਦਾ ਮਿਲਾਪ ਇਸ ਇਵੈਂਟ ਨੂੰ ਵਿਲੱਖਣ ਬਣਾ ਰਿਹਾ ਸੀ।

ਇਸ ਮੈਰਾਥਨ ਦਾ ਉਦੇਸ਼ ਸਿਰਫ ਰਨ ਕਰਨਾ ਨਹੀਂ ਸੀ ਬਲਕਿ ਡਰੱਗਾਂ ਵਿਰੋਧੀ ਸੁਨੇਹਾ ਦੇਣਾ ਵੀ ਸੀ। ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਇਸ ਰਾਹੀਂ ਨੌਜਵਾਨਾਂ ਨੂੰ ਡਰੱਗਾਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਰੁਝਾਨ ਵਧਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਡਰੱਗਾਂ ਦੀ ਲਤ ਭਾਰਤੀ ਨੌਜਵਾਨਾਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਖਾਸ ਕਰਕੇ ਪੰਜਾਬ ਵਿਚ ਇਸ ਸਮੱਸਿਆ ਨੇ ਬਹੁਤ ਨੁਕਸਾਨ ਕੀਤਾ ਹੈ। ਇਸ ਲਈ ਅਜਿਹੀਆਂ ਗਤੀਵਿਧੀਆਂ ਲੋੜੀਂਦੀਆਂ ਹਨ ਤਾਂ ਜੋ ਯੁਵਕ ਊਰਜਾ ਨੂੰ ਸਕਾਰਾਤਮਕ ਰਾਹ ਵੱਲ ਵਰਤ ਸਕਣ।

ਮੈਰਾਥਨ ਵਿਚ ਭਾਗ ਲੈਣ ਵਾਲੇ ਲੋਕਾਂ ਨੇ ਆਪਣੇ ਤਜ਼ੁਰਬੇ ਸਾਂਝੇ ਕੀਤੇ। ਇੱਕ ਭਾਗੀਦਾਰ ਨੇ ਕਿਹਾ, "ਇਸ ਰਨ ਨੇ ਮੈਨੂੰ ਨਵੀਂ ਊਰਜਾ ਬਖ਼ਸ਼ੀ ਹੈ। ਵਿਸਾਖੀ ਦੇ ਤਿਉਹਾਰ ਤੇ ਡਰੱਗ-ਮੁਕਤ ਭਾਰਤ ਲਈ ਇਹ ਯੋਗਦਾਨ ਬਹੁਤ ਮਹੱਤਵਪੂਰਨ ਹੈ।" ਬਹੁਤ ਸਾਰੇ ਲੋਕਾਂ ਨੇ ਆਪਣੇ ਪਰਿਵਾਰ ਨਾਲ ਆ ਕੇ ਹਿੱਸਾ ਲਿਆ ਅਤੇ ਬੱਚਿਆਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ। ਇਸ ਨਾਲ ਭਾਈਚਾਰਕ ਭਾਵਨਾ ਵੀ ਮਜ਼ਬੂਤ ਹੋਈ। ਇਵੈਂਟ ਵਿਚ ਪੰਜਾਬੀ ਗੀਤਾਂ, ਰੰਗ-ਬਰੰਗੀ ਝੰਡੀਆਂ ਅਤੇ ਖਾਸ ਵਿਸਾਖੀ ਵਾਲੇ ਵਾਤਾਵਰਣ ਨੇ ਸਭ ਨੂੰ ਖਿੱਚਿਆ।

ਸੁਪਰ ਸਿੱਖ ਫਾਊਂਡੇਸ਼ਨ ਇਸ ਇਵੈਂਟ ਨੂੰ ਪ੍ਰਮੋਟ ਕਰ ਰਹੀ ਹੈ ਅਤੇ ਰਨਿੰਗ ਐਂਡ ਐਂਟਰਟੇਨਮੈਂਟ ਮੀਡੀਆ (ਆਰ.ਈ.ਐੱਮ.) ਇਸ ਨੂੰ ਐਗਜ਼ੀਕਿਊਟ ਕਰ ਰਿਹਾ ਹੈ। ਇਸ ਤੋਂ ਪਹਿਲਾਂ ਵੀ ਇਸ ਮੈਰਾਥਨ ਦੀਆਂ ਤਿੰਨ ਐਡੀਸ਼ਨਾਂ ਬਹੁਤ ਸਫਲ ਰਹੀਆਂ ਹਨ। ਇਸ ਵਾਰ ਵੀ ਇਸ ਨੇ ਰਿਕਾਰਡ ਭਾਗੀਦਾਰੀ ਹਾਸਲ ਕੀਤੀ। ਡਾ. ਸਾਹਨੀ ਨੇ ਭਵਿੱਖ ਵਿਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਚਲਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਡਰੱਗਾਂ ਵਿਰੋਧੀ ਮੁਹਿੰਮ ਨੂੰ ਹੋਰ ਮਜ਼ਬੂਤੀ ਨਾਲ ਚਲਾਇਆ ਜਾ ਸਕੇ।

ਇਸ ਮੈਰਾਥਨ ਨੇ ਇੱਕ ਵੱਡਾ ਸੁਨੇਹਾ ਦਿੱਤਾ ਹੈ ਕਿ ਵਿਸਾਖੀ ਵਰਗੇ ਤਿਉਹਾਰ ਨੂੰ ਸਿਰਫ ਖਾਣ-ਪੀਣ ਅਤੇ ਗਾਣੇ-ਗਾਉਣ ਤੱਕ ਸੀਮਤ ਨਾ ਰੱਖਿਆ ਜਾਵੇ ਬਲਕਿ ਇਸ ਨੂੰ ਸਮਾਜਿਕ ਬਦਲਾਅ ਲਈ ਵਰਤਿਆ ਜਾਵੇ। ਡਰੱਗਾਂ ਤੋਂ ਮੁਕਤ ਭਾਰਤ ਲਈ ਹਰ ਵਿਅਕਤੀ ਨੂੰ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਇਸ ਇਵੈਂਟ ਵਿਚ ਭਾਗ ਲੈਣ ਵਾਲਿਆਂ ਨੇ ਵਾਅਦਾ ਕੀਤਾ ਕਿ ਉਹ ਆਪਣੇ ਆਲੇ-ਦੁਆਲੇ ਵਿਚ ਡਰੱਗਾਂ ਵਿਰੋਧੀ ਜਾਗਰੂਕਤਾ ਫੈਲਾਉਣਗੇ।

ਇਸ ਤੋਂ ਇਲਾਵਾ ਇਸ ਮੈਰਾਥਨ ਨੇ ਫਿਟਨੈੱਸ ਦੀ ਮਹੱਤਤਾ ਵੀ ਉਜਾਗਰ ਕੀਤੀ। ਅੱਜ ਦੇ ਭੱਜਦੀ ਜੀਵਨ ਵਿਚ ਲੋਕਾਂ ਲਈ ਰੋਜ਼ਾਨਾ ਵਿਆਇਮ ਬਹੁਤ ਜ਼ਰੂਰੀ ਹੈ। ਇਸ ਰਨ ਨੇ ਲੋਕਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਉਹ ਆਪਣੀ ਸਿਹਤ ਨੂੰ ਤਰਜੀਹ ਦੇਣ ਅਤੇ ਖੇਡਾਂ ਨਾਲ ਜੁੜਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਨੇ ਇਸ ਵਿਚ ਭਾਗ ਲਿਆ ਅਤੇ ਆਪਣੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਿਆ।ਡਬਲਯੂ.ਪੀ.ਓ. ਅਤੇ ਸੁਪਰ ਸਿੱਖ ਫਾਊਂਡੇਸ਼ਨ ਵੱਲੋਂ ਚਲਾਈ ਗਈ ਇਹ ਮੁਹਿੰਮ ਭਾਰਤੀ ਨੌਜਵਾਨਾਂ ਲਈ ਇੱਕ ਰੋਸ਼ਨੀ ਵਾਂਗ ਹੈ। ਇਸ ਨੇ ਇੱਕ ਵੱਡਾ ਪਲੇਟਫਾਰਮ ਉਪਲਬਧ ਕਰਵਾਇਆ ਹੈ ਜਿਸ ਰਾਹੀਂ ਲੋਕ ਆਪਣੀ ਆਵਾਜ਼ ਉਠਾ ਸਕਦੇ ਹਨ ਅਤੇ ਡਰੱਗਾਂ ਵਿਰੋਧੀ ਲੜਾਈ ਵਿਚ ਹਿੱਸਾ ਪਾ ਸਕਦੇ ਹਨ। ਡਾ. ਵਿਕਰਮਜੀਤ ਸਿੰਘ ਸਾਹਨੀ ਵਰਗੇ ਲੀਡਰਾਂ ਦੀ ਅਗਵਾਈ ਵਿਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਲਗਾਤਾਰ ਚਲਦੀਆਂ ਰਹਿਣਗੀਆਂ।ਅੰਤ ਵਿਚ ਇਸ ਬੈਸਾਖੀ ਮੈਰਾਥਨ ਨੇ ਸਾਬਤ ਕੀਤਾ ਕਿ ਤਿਉਹਾਰ ਅਤੇ ਫਿਟਨੈੱਸ ਇੱਕ ਦੂਜੇ ਨਾਲ ਜੁੜੇ ਹੋਏ ਹਨ। ਵਿਸਾਖੀ ਦੀ ਖੁਸ਼ੀ ਨੂੰ ਡਰੱਗ-ਮੁਕਤ ਭਾਰਤ ਦੇ ਸੁਪਨੇ ਨਾਲ ਜੋੜ ਕੇ ਇਸ ਇਵੈਂਟ ਨੇ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ। ਹਜ਼ਾਰਾਂ ਭਾਗੀਦਾਰਾਂ ਨੇ ਇਸ ਰਨ ਰਾਹੀਂ ਆਪਣਾ ਸਮਰਥਨ ਦਰਸਾਇਆ ਅਤੇ ਭਵਿੱਖ ਵਿਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਦਾ ਐਲਾਨ ਕੀਤਾ। ਇਹ ਇਵੈਂਟ ਸੱਚਮੁੱਚ ਇੱਕ ਯਾਦਗਾਰੀ ਪਲ ਬਣ ਗਈ ਹੈ ਅਤੇ ਡਰੱਗਾਂ ਵਿਰੋਧੀ ਲੜਾਈ ਵਿਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਈ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਾਲੀਵੁੱਡ ਦੀ ਮਸ਼ਹੂਰ ਗਾਇਕਾ ਆਸ਼ਾ ਭੋਸਲੇ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟਾਇਆ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਾਲੀਵੁੱਡ ਦੀ ਮਸ਼ਹੂਰ ਗਾਇਕਾ ਆਸ਼ਾ ਭੋਸਲੇ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਐਕਸ' ਉੱਤੇ ਇੱਕ ਪੋਸਟ ਵਿਚ ਇਸ ਘਾਟੇ ਨੂੰ ਸੰਗੀਤ ਜਗਤ ਲਈ ਅਕਲਾਊ ਘਾਟਾ ਦੱਸਿਆ। ਆਸ਼ਾ ਭੋਸਲੇ ਭਾਰਤੀ ਸੰਗੀਤ ਉਦਯੋਗ ਦੀ ਇੱਕ ਅਜਿਹੀ ਹਸਤੀ ਸਨ ਜਿਨ੍ਹਾਂ ਨੇ ਆਪਣੀ ਮਧੁਰ ਆਵਾਜ਼ ਨਾਲ ਲੱਖਾਂ ਲੋਕਾਂ ਦੇ ਦਿਲਾਂ ਵਿਚ ਥਾਂ ਬਣਾਈ। ਉਨ੍ਹਾਂ ਨੂੰ 'ਪਦਮ ਵਿਭੂਸ਼ਣ' ਵਰਗੇ ਉੱਚਤਮ ਸਨਮਾਨ ਨਾਲ ਵੀ ਨਿਵਾਜਿਆ ਗਿਆ ਸੀ। ਉਨ੍ਹਾਂ ਦੀ ਮੌਤ ਨਾਲ ਭਾਰਤੀ ਸੰਗੀਤ ਦਾ ਇੱਕ ਸੁਨਹਿਰਾ ਯੁੱਗ ਖਤਮ ਹੋ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪੋਸਟ ਵਿਚ ਲਿਖਿਆ, "ਪ੍ਰਸਿੱਧ ਗਾਇਕਾ ਅਤੇ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਆਸ਼ਾ ਭੋਸਲੇ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਡੂੰਘਾ ਦੁੱਖ ਹੋਇਆ। ਉਨ੍ਹਾਂ ਦੇ ਜਾਣ ਨਾਲ ਸੰਗੀਤ ਦੇ ਖੇਤਰ ਵਿਚ ਇੱਕ ਸੁਨਹਿਰੀ ਯੁੱਗ ਦਾ ਅੰਤ ਹੋ ਗਿਆ ਹੈ ਅਤੇ ਇਹ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।'' ਉਨ੍ਹਾਂ ਅੱਗੇ ਲਿਖਿਆ ਕਿ ਭਾਰਤੀ ਸੰਗੀਤ ਜਗਤ ਵਿਚ ਉਨ੍ਹਾਂ ਵੱਲੋਂ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ।

ਆਸ਼ਾ ਭੋਸਲੇ ਨੇ ਆਪਣੀ ਲੰਮੀ ਗਾਇਕੀ ਜੀਵਨ ਵਿਚ ਹਜ਼ਾਰਾਂ ਗੀਤ ਗਾਏ। ਉਨ੍ਹਾਂ ਦੀ ਆਵਾਜ਼ ਨੇ ਫਿਲਮੀ ਸੰਗੀਤ ਨੂੰ ਨਵੀਂ ਉੱਚਾਈ ਦਿੱਤੀ। ਉਨ੍ਹਾਂ ਨੇ ਆਪਣੀ ਭੈਣ ਲਤਾ ਮੰਗੇਸ਼ਕਰ ਨਾਲ ਮਿਲ ਕੇ ਵੀ ਬਹੁਤ ਸਾਰੇ ਗੀਤ ਗਾਏ ਅਤੇ ਭਾਰਤੀ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਉਨ੍ਹਾਂ ਦੀਆਂ ਗਾਇਕੀਆਂ ਵਿਚ ਭਾਵਨਾਵਾਂ ਦੀ ਗਹਿਰਾਈ ਅਤੇ ਸੁਰੀਲਾਪਣ ਇਸ ਤਰ੍ਹਾਂ ਸੀ ਕਿ ਲੋਕ ਅੱਜ ਵੀ ਉਨ੍ਹਾਂ ਦੇ ਗੀਤ ਸੁਣ ਕੇ ਖੁਸ਼ੀ ਅਤੇ ਗਮ ਵਿਚ ਡੂੰਘੀ ਡੁਬਕੀ ਲਗਾਉਂਦੇ ਹਨ। ਉਨ੍ਹਾਂ ਨੇ ਬਾਲੀਵੁੱਡ ਤੋਂ ਲੈ ਕੇ ਖਾਸ ਤੌਰ 'ਤੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਵੀ ਯੋਗਦਾਨ ਦਿੱਤਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦੁੱਖ ਦੀ ਘੜੀ ਵਿਚ ਆਸ਼ਾ ਭੋਸਲੇ ਦੇ ਪਰਿਵਾਰ ਅਤੇ ਉਨ੍ਹਾਂ ਦੇ ਲੱਖਾਂ ਚਾਹੁਣ ਵਾਲਿਆਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਹੋਈ ਨੇਕ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਸ ਭਾਣੇ ਨੂੰ ਮੰਨਣ ਦਾ ਬਲ ਬਖ਼ਸ਼ਣ। ਭਗਵੰਤ ਮਾਨ ਖੁਦ ਵੀ ਸੰਗੀਤ ਅਤੇ ਗਾਇਕੀ ਨਾਲ ਗਹਿਰਾ ਲਗਾਅ ਰੱਖਦੇ ਹਨ। ਉਨ੍ਹਾਂ ਨੇ ਆਪਣੇ ਰਾਜਨੀਤਿਕ ਜੀਵਨ ਤੋਂ ਪਹਿਲਾਂ ਗਾਇਕ ਵਜੋਂ ਵੀ ਨਾਮ ਕਮਾਇਆ ਹੈ। ਇਸ ਲਈ ਉਨ੍ਹਾਂ ਲਈ ਇਹ ਘਾਟਾ ਹੋਰ ਵੀ ਵਧੇਰੇ ਦੁਖਦਾਈ ਹੈ।

ਪੰਜਾਬ ਵਿਚ ਵੀ ਲੋਕ ਆਸ਼ਾ ਭੋਸਲੇ ਨੂੰ ਬਹੁਤ ਆਦਰ ਨਾਲ ਯਾਦ ਕਰਦੇ ਹਨ। ਉਨ੍ਹਾਂ ਦੇ ਗੀਤਾਂ ਨੇ ਪੰਜਾਬੀਆਂ ਦੇ ਦਿਲਾਂ ਵਿਚ ਵੀ ਖਾਸ ਥਾਂ ਬਣਾਈ ਹੈ। ਉਨ੍ਹਾਂ ਨੇ ਬਹੁਤ ਸਾਰੇ ਪੰਜਾਬੀ ਗੀਤਾਂ ਵਿਚ ਵੀ ਆਪਣੀ ਆਵਾਜ਼ ਦਿੱਤੀ ਅਤੇ ਲੋਕ-ਧੁਨੀ ਨੂੰ ਨਵਾਂ ਰੂਪ ਦਿੱਤਾ। ਇਸ ਘਾਟੇ ਨਾਲ ਪੂਰਾ ਸੰਗੀਤ ਪ੍ਰੇਮੀ ਵਰਗ ਸਦਮੇ ਵਿਚ ਹੈ। ਲੋਕ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਦੀਆਂ ਤਸਵੀਰਾਂ ਅਤੇ ਗੀਤ ਸਾਂਝੇ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਦੇ ਰਹੇ ਹਨ।

# ਮਥੁਰਾ ਨਾਵ ਤ੍ਰਾਸਦੀ: ਯਮੁਨਾ ਵਿਚ ਡੁੱਬਣ ਨਾਲ ਪੰਜਾਬੀ ਯਾਤਰੀਆਂ ਦਾ ਵੱਡਾ ਨੁਕਸਾਨ, 13 ਲੋਕਾਂ ਦੀ ਮੌਤ, ਤਿੰਨ ਅਜੇ ਵੀ ਲਾਪਤਾ




| ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਵਿਚ ਵ੍ਰਿੰਦਾਵਨ ਦੇ ਕੇਸੀ ਘਾਟ ਨੇੜੇ ਯਮੁਨਾ ਨਦੀ ਵਿਚ ਇੱਕ ਭਿਆਨਕ ਨਾਵ ਹਾਦਸਾ ਵਾਪਰਿਆ ਹੈ।

ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਵਿਚ ਵ੍ਰਿੰਦਾਵਨ ਦੇ ਕੇਸੀ ਘਾਟ ਨੇੜੇ ਯਮੁਨਾ ਨਦੀ ਵਿਚ ਇੱਕ ਭਿਆਨਕ ਨਾਵ ਹਾਦਸਾ ਵਾਪਰਿਆ ਹੈ। ਸ਼ੁੱਕਰਵਾਰ (10 ਅਪ੍ਰੈਲ 2026) ਦੁਪਹਿਰ ਲਗਭਗ 3:15 ਵਜੇ ਇੱਕ ਮੋਟਰਬੋਟ, ਜਿਸ ਵਿਚ 25 ਤੋਂ 37 ਤੱਕ ਸ਼ਰਧਾਲੂ ਸਵਾਰ ਸਨ, ਇੱਕ ਪੋਂਟੂਨ ਬ੍ਰਿਜ (ਫਲੋਟਿੰਗ ਡਰੱਮ ਵਾਲੇ ਪੁਲ) ਨਾਲ ਟੱਕਰਾ ਗਈ ਅਤੇ ਇੱਕ ਪਲ ਵਿਚ ਪਲਟ ਗਈ। ਇਸ ਹਾਦਸੇ ਵਿਚ ਹੁਣ ਤੱਕ 13 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਵਿਅਕਤੀ ਅਜੇ ਵੀ ਲਾਪਤਾ ਹਨ। ਬਚਾਅ ਕਾਰਜ ਜਾਰੀ ਹਨ ਅਤੇ ਐਨਡੀਆਰਐਫ ਤੇ ਐਸਡੀਆਰਐਫ ਦੀਆਂ ਟੀਮਾਂ ਲਗਾਤਾਰ ਖੋਜ ਕਰ ਰਹੀਆਂ ਹਨ।

ਇਹ ਯਾਤਰਾ ਲੁਧਿਆਣਾ ਅਤੇ ਜਗਰਾਉਂ ਵਾਸੀਆਂ ਵੱਲੋਂ ਬਣਾਏ ਗਏ ਬੰਕੇ ਬਿਹਾਰੀ ਕਲੱਬ ਵੱਲੋਂ ਚੌਥੀ ਵਾਰ ਆਯੋਜਿਤ ਕੀਤੀ ਗਈ ਚਾਰ ਦਿਨਾਂ ਦੀ ਤੀਰਥ ਯਾਤਰਾ ਦਾ ਹਿੱਸਾ ਸੀ। ਯਾਤਰੀ ਗੁਰੂਵਾਰ ਰਾਤ 8 ਵਜੇ ਬੱਸ ਰਾਹੀਂ ਲੁਧਿਆਣਾ ਤੋਂ ਰਵਾਨਾ ਹੋਏ ਅਤੇ ਸ਼ੁੱਕਰਵਾਰ ਸਵੇਰੇ ਵ੍ਰਿੰਦਾਵਨ ਪਹੁੰਚੇ ਸਨ। ਇਨ੍ਹਾਂ ਵਿਚ ਬਹੁਤੇ ਲੋਕ ਲੁਧਿਆਣਾ ਦੇ ਜਗਰਾਉਂ ਅਤੇ ਡੂਗਰੀ ਇਲਾਕਿਆਂ ਨਾਲ ਸਬੰਧਤ ਸਨ। ਇੱਕ ਹੀ ਪਰਿਵਾਰ ਦੇ ਸੱਤ ਮੈਂਬਰ ਵੀ ਇਸ ਯਾਤਰਾ ਵਿਚ ਸ਼ਾਮਲ ਸਨ, ਜਿਨ੍ਹਾਂ ਵਿਚੋਂ ਕਈਆਂ ਦੀ ਮੌਤ ਹੋ ਗਈ।

ਸਰਵਾਈਵਰਾਂ ਅਨੁਸਾਰ, ਹਾਦਸੇ ਤੋਂ ਠੀਕ ਪਹਿਲਾਂ ਯਾਤਰੀ ਭਜਨ ਗਾ ਰਹੇ ਸਨ ਅਤੇ 'ਰਾਧੇ ਰਾਧੇ' ਦੀ ਗੂੰਜ ਵਿਚ ਡੁੱਬੇ ਹੋਏ ਸਨ। ਇੱਕ ਵੀਡੀਓ ਵੀ ਵਾਇਰਲ ਹੋਈ ਹੈ ਜਿਸ ਵਿਚ ਯਾਤਰੀ ਖੁਸ਼ੀ ਨਾਲ ਭਜਨ ਗਾਉਂਦੇ ਨਜ਼ਰ ਆ ਰਹੇ ਹਨ। ਅਚਾਨਕ ਨਾਵ ਅਣਕਿਆਸੀ ਤਰੀਕੇ ਨਾਲ ਪੋਂਟੂਨ ਬ੍ਰਿਜ ਨਾਲ ਟੱਕਰਾ ਗਈ। ਟੱਕਰ ਇੰਨੀ ਤੇਜ਼ ਸੀ ਕਿ ਨਾਵ ਤੁਰੰਤ ਪਲਟ ਗਈ ਅਤੇ ਸਭ ਲੋਕ ਯਮੁਨਾ ਦੇ ਗਹਿਰੇ ਪਾਣੀ ਵਿਚ ਡਿੱਗ ਪਏ। ਇੱਕ ਸਰਵਾਈਵਰ ਨੇ ਦੱਸਿਆ, "ਅਸੀਂ ਨਹੀਂ ਵੇਖਿਆ ਕਿ ਅਸੀਂ ਕਿਸ ਨਾਲ ਟੱਕਰਾਏ, ਅਚਾਨਕ ਨਾਵ ਪਲਟ ਗਈ ਅਤੇ ਅਸੀਂ ਡੁੱਬ ਰਹੇ ਸੀ। ਇਹ ਬਹੁਤ ਡਰਾਉਣਾ ਪਲ ਸੀ।"

ਹਾਦਸੇ ਤੋਂ ਬਾਅਦ ਤੁਰੰਤ ਬਚਾਅ ਕਾਰਜ ਸ਼ੁਰੂ ਹੋ ਗਏ। ਸਥਾਨਕ ਪੁਲਿਸ, ਪ੍ਰਸ਼ਾਸਨ ਅਤੇ ਰਾਸ਼ਟਰੀ ਤੇ ਰਾਜ ਬਚਾਅ ਟੀਮਾਂ ਨੇ ਰਾਤ ਭਰ ਅਤੇ ਅਗਲੇ ਦਿਨ ਵੀ ਖੋਜ ਜਾਰੀ ਰੱਖੀ। ਐਤਵਾਰ ਤੱਕ ਦੋ ਹੋਰ ਲਾਸ਼ਾਂ ਮਿਲਣ ਨਾਲ ਮੌਤਾਂ ਦੀ ਗਿਣਤੀ 13 ਤੱਕ ਪਹੁੰਚ ਗਈ। ਮਿਲੀਆਂ ਲਾਸ਼ਾਂ ਵਿਚੋਂ ਦੋ ਦੀ ਪਛਾਣ ਡਿੰਕੀ ਅਤੇ ਰਿਸ਼ਭ ਸ਼ਰਮਾ ਵਜੋਂ ਹੋਈ ਹੈ। ਤਿੰਨ ਵਿਅਕਤੀ ਅਜੇ ਵੀ ਲਾਪਤਾ ਹਨ ਅਤੇ ਖੋਜ ਲਈ ਨਦੀ ਦੇ ਵੱਖ-ਵੱਖ ਹਿੱਸਿਆਂ ਵਿਚ ਸੱਤ ਸੈਕਟਰ ਬਣਾਏ ਗਏ ਹਨ।

ਇਸ ਤ੍ਰਾਸਦੀ ਨੇ ਪੂਰੇ ਪੰਜਾਬ ਵਿਚ ਸੋਗ ਦੀ ਲਹਿਰ ਪਾ ਦਿੱਤੀ ਹੈ। ਲੁਧਿਆਣਾ ਅਤੇ ਜਗਰਾਉਂ ਵਿਚ ਪੀੜਤ ਪਰਿਵਾਰਾਂ ਦੇ ਘਰਾਂ ਵਿਚ ਰੋਣ-ਪਿੱਟਣ ਦੀਆਂ ਆਵਾਜ਼ਾਂ ਗੂੰਜ ਰਹੀਆਂ ਹਨ। ਇੱਕ ਪਰਿਵਾਰ ਵਿਚ ਇੱਕੋ ਵਾਰੀ ਕਈ ਮੈਂਬਰ ਗੁਆਉਣ ਨਾਲ ਲੋਕ ਟੁੱਟ ਗਏ ਹਨ। ਕਈ ਔਰਤਾਂ ਵਿਧਵਾ ਹੋ ਗਈਆਂ ਹਨ, ਬੱਚਿਆਂ ਨੇ ਮਾਪਿਆਂ ਗੁਆਏ ਹਨ ਅਤੇ ਮਾਵਾਂ ਨੇ ਆਪਣੀਆਂ ਬੇਟੀਆਂ ਗੁਆਈਆਂ ਹਨ। ਇੱਕ ਪਰਿਵਾਰਕ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਇਸ ਯਾਤਰਾ ਲਈ ਬਹੁਤ ਉਤਸੁਕ ਸੀ, ਪਰ ਇੱਕ ਪਲ ਵਿਚ ਸਭ ਕੁਝ ਖਤਮ ਹੋ ਗਿਆ।ਪ੍ਰਸ਼ਾਸਨ ਵੱਲੋਂ ਜਾਣਕਾਰੀ ਮੁਤਾਬਕ, ਨਾਵ ਓਪਰੇਟਰ ਅਤੇ ਬ੍ਰਿਜ ਮੁਰੰਮਤ ਠੇਕੇਦਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਘਟਨਾ ਵਿਚ ਓਵਰਲੋਡਿੰਗ, ਲਾਈਫ ਜੈਕਟਾਂ ਦੀ ਘਾਟ ਅਤੇ ਸੁਰੱਖਿਆ ਮਾਪਦੰਡਾਂ ਦੀ ਲਾਪਰਵਾਹੀ ਦੇ ਇਲਜ਼ਾਮ ਲੱਗ ਰਹੇ ਹਨ। ਮਥੁਰਾ ਜ਼ਿਲ੍ਹਾ ਪ੍ਰਸ਼ਾਸਨ ਨੇ ਹੈਲਪਲਾਈਨ ਨੰਬਰ 0565-2403200 ਜਾਰੀ ਕੀਤਾ ਹੈ ਤਾਂ ਜੋ ਪੀੜਤ ਪਰਿਵਾਰਾਂ ਨੂੰ ਜਾਣਕਾਰੀ ਮਿਲ ਸਕੇ।

## ਗੁਰੂ ਅਰਜਨ ਦੇਵ ਖਾਲਸਾ ਕਾਲਜ,ਵੱਲੋਂ ਆਯੋਜਿਤ ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਇਤਿਹਾਸਕ ਪ੍ਰਦਰਸ਼ਨੀ ਵਿੱਚ ਕੀਤੀ ਸ਼ਮੂਲੀਅਤ।




**ਚੋਹਲਾ ਸਾਹਿਬ 12 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਇੰਜੀ. ਸੁਖਮਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਦੀ ਅਗਵਾਈ ਵਿੱਚ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਵਿੱਚ ਸਰਗਰਮ ਭਾਗੀਦਾਰੀ ਦਰਸਾਈ ਗਈ। ਇਸ ਧਾਰਮਿਕ ਅਤੇ ਆਤਮਿਕ ਮਹੌਲ ਵਾਲੇ ਸਮਾਗਮ ਦੌਰਾਨ ਕਾਲਜ ਦੀ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਕਾਲਜ ਦੀ ਵਿਦਿਆਰਥਣ ਨਵਪ੍ਰੀਤ ਕੌਰ ਵੱਲੋਂ ਗੁਰੂ ਜਸ ਉਚਾਰਨ ਕੀਤਾ ਗਿਆ ਅਤੇ ਗੁਰੂ ਇਤਿਹਾਸ ਅਧਾਰਿਤ ਕਵਿਤਾ ਰਾਹੀਂ ਸੰਗਤਾਂ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ ਜੋੜਿਆ ਗਿਆ। ਇਸ ਕਵਿਤਾ ਨੇ ਹਾਜ਼ਰ ਸੰਗਤਾਂ ਦੇ ਮਨਾਂ 'ਤੇ ਗਹਿਰਾ ਪ੍ਰਭਾਵ ਛੱਡਿਆ ਅਤੇ ਸਿੱਖ ਇਤਿਹਾਸ ਦੇ ਮਹਾਨ ਪੱਖਾਂ ਨੂੰ ਰੌਸ਼ਨ ਕੀਤਾ।ਇਸ ਅਵਸਰ ਦੀ ਮੁੱਖ ਵਿਸ਼ੇਸ਼ਤਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਲਗਾਈ ਗਈ ਇਤਿਹਾਸਕ ਪ੍ਰਦਰਸ਼ਨੀ ਰਹੀ। ਇਸ ਪ੍ਰਦਰਸ਼ਨੀ ਰਾਹੀਂ ਵਿਸਾਖੀ ਦੇ ਪਵਿੱਤਰ ਦਿਹਾੜੇ ਨਾਲ ਸੰਬੰਧਿਤ ਅਹਿਮ ਇਤਿਹਾਸਕ ਘਟਨਾਵਾਂ ਨੂੰ ਸੁੰਦਰ ਢੰਗ ਨਾਲ ਦਰਸਾਇਆ ਗਿਆ। ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਚਿੱਤਰਕਲਾਵਾਂ ਵਿੱਚ 1699 ਦੀ ਵਿਸਾਖੀ ਮੌਕੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਨਾ, 1919 ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ ਦਿਲ ਦਹਿਲਾ ਦੇਣ ਵਾਲੀ ਘਟਨਾ ਅਤੇ 1978 ਦੀ ਵਿਸਾਖੀ ਨਾਲ ਸੰਬੰਧਤ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਭਾਵਪੂਰਤ ਢੰਗ ਨਾਲ ਉਕੇਰਿਆ ਗਿਆ। ਕਾਲਜ ਪ੍ਰਿੰਸੀਪਲ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਅਜਿਹੇ ਸਮਾਗਮਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੇ ਮਹਾਨ ਇਤਿਹਾਸ, ਸੰਸਕਾਰਾਂ ਅਤੇ ਬਲਿਦਾਨਾਂ ਨਾਲ ਜੋੜਨਾ ਹੈ, ਤਾਂ ਜੋ ਉਹ ਆਪਣੀ ਅਮੋਲਕ ਵਿਰਾਸਤ ਨੂੰ ਸਮਝ ਸਕਣ ਅਤੇ ਉਸ 'ਤੇ ਗੌਰਵ ਮਹਿਸੂਸ ਕਰ ਸਕਣ।ਇਸ ਸਮਾਗਮ ਵਿੱਚ ਕਾਲਜ ਦ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

## ਵਿਗਿਆਨਕ ਸੋਚ ਅਪਣਾਉਣਾ ਸਮੇਂ ਦੀ ਪ੍ਰਮੁਖ ਲੋੜ -ਤਰਕਸ਼ੀਲ ਸੁਸਾਇਟੀ



**ਚੋਹਲਾ ਸਾਹਿਬ 12 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਤਰਕਸ਼ੀਲ ਸੋਸਾਇਟੀ ਇਕਾਈ ਤਰਨ ਤਾਰਨ ਦੀ ਮੀਟਿੰਗ ਸਥਾਨਕ ਗਾਂਧੀ ਪਾਰਕ ਵਿਖੇ ਮਾਸਟਰ ਤਸਵੀਰ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਵੱਖ-ਵੱਖ ਮੁੱਦਿਆਂ ਤੇ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ ।ਮੀਟਿੰਗ ਵਿੱਚ ਮਾਸਟਰ ਤਸਵੀਰ ਸਿੰਘ,ਜ਼ੋਨ ਆਗੂ ਰਜਵੰਤ ਬਾਗੜੀਆਂ ,ਮਾਸਟਰ ਕੁਲਵੰਤ ਸਿੰਘ, ਡਾਕਟਰ ਸੁਖਦੇਵ ਸਿੰਘ ਲੋਹੁਕਾ, ਨਰਿੰਦਰ ਸਿੰਘ ਸ਼ੇਖਚਕ,ਜੋਗਿੰਦਰ ਸਿੰਘ ਫੌਜੀ, ਮਾਸਟਰ ਸ਼ਿੰਗਾਰਾ ਸਿੰਘ , ਮਾਸਟਰ ਤਰਸੇਮ ਸਿੰਘ ਲਾਲੂਘੁੰਮਣ ਆਦਿ ਨੇ ਆਪੋ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਤਰਕਸ਼ੀਲ ਮੈਗਜ਼ੀਨ ਨੂੰ ਵੱਧ ਤੋਂ ਵੱਧ ਹੱਥਾਂ ਤੱਕ ਪਹੁੰਚਾ ਕੇ ਵਿਗਿਆਨਕ ਵਿਚਾਰਧਾਰਾ ਦਾ ਪ੍ਰਸਾਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਸੋਚੀ ਸਮਝੀ ਸਾਜਿਸ਼ ਅਧੀਨ ਪਖੰਡੀ ਸਾਧਾਂ ਸੰਤਾਂ ਤੇ ਜੋਤਸ਼ੀਆਂ ਦੀ ਮਦਦ ਨਾਲ ਆਮ ਜਨਤਾ ਨੂੰ ਅੰਧ ਵਿਸ਼ਵਾਸੀ ਬਣਾਇਆ ਜਾ ਰਿਹਾ ਤਾਂ ਜੋ ਆਮ ਜਨਤਾ ਦਾ ਧਿਆਨ ਗਰੀਬੀ, ਬੇਰੁਜ਼ਗਾਰੀ , ਵੱਧਦੀ ਹੋਈ ਮਹਿਗਾਈ ਅਤੇ ਉਹਨਾਂ ਦੀਆਂ ਹੋਰਨਾਂ ਸਮੱਸਿਆਵਾਂ ਤੋਂ ਹਟਾਇਆ ਜਾ ਸਕੇ, ਇਸ ਸਮੇਂ ਵਿਗਿਆਨਕ ਸੋਚ ਅਪਣਾਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ।ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਸਕੂਲਾਂ ਤੇ ਕਾਲਜਾਂ ਵਿੱਚ ਅੰਧ ਵਿਸ਼ਵਾਸ, ਵਹਿਮਾਂ ਭਰਮਾਂ ਤੇ ਨਸ਼ਿਆਂ ਵਿਰੁੱਧ ਅਤੇ ਨੈਤਿਕ ਕਦਰਾਂ ਕੀਮਤਾਂ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਵੱਲੋਂ ਆਪਣੇ ਨਿੱਜੀ ਫਾਇਦੇ ਲਈ ਜਾਣ ਬੁੱਝ ਕੇ ਸੰਸਾਰ ਪੱਧਰ ਤੇ ਜੰਗ ਅਤੇ ਦਹਿਸ਼ਤ ਦਾ ਮਾਹੌਲ ਬਣਾਉਣ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਦੀ ਕੀਤੀ। ਤਰਕਸ਼ੀਲਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਫੋਕੀਆਂ ਭੈੜੀਆਂ ਅਤੇ ਵੇਲਾ ਵਹਾ ਚੁੱਕੀਆਂ ਰਸਮਾਂ ਰਿਵਾਜਾਂ ਨੂੰ ਛੱਡ ਕੇ ਤਰਕਵਾਦੀ ਸੋਚ ਦੇ ਧਾਰਨੀ ਬਣੋ ਤਾਂ ਜੋ ਨਰੋਏ ਸਭਿਅਕ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ।




## ਐਕਟ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਬਿਆਨ ਦੁਬਿਧਾ ਵਾਲਾ- ਐਡਵੋਕੇਟ ਧਾਮੀ



ਅੰਮ੍ਰਿਤਸਰ, ਚੋਹਲਾ ਸਾਹਿਬ 12 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਕੈਬਨਿਟ ਵੱਲੋਂ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026" ਨੂੰ ਪ੍ਰਵਾਨ ਕੀਤੇ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਇਸ ਸਬੰਧੀ ਮੀਡੀਆ ਨੂੰ ਦਿੱਤੀ ਜਾਣਕਾਰੀ ਅਸਪਸ਼ਟਤਾ ਵਾਲੀ ਹੈ। ਜਾਰੀ ਬਿਆਨ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇੰਜ ਲਗਦਾ ਹੈ ਕਿ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿੱਲ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਆਪ ਵੀ ਪੂਰੀ ਜਾਣਕਾਰੀ ਨਹੀਂ ਹੈ। ਉਨ੍ਹਾਂ ਆਖਿਆ ਕਿ ਕੈਬਨਿਟ ਮੰਤਰੀ ਚੀਮਾ ਇਕ ਪਾਸੇ ਇਸ ਬਿੱਲ ਨੂੰ ਬਿਲਕੁਲ ਨਵਾਂ ਦਸ ਰਹੇ ਹਨ ਜਦਕਿ ਦੂਜੇ ਪਾਸੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026 ਨਾਮ ਦਿਤਾ ਜਾ ਰਿਹਾ ਹੈ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਨਾਲ ਸਬੰਧਿਤ ਹੈ ਕੀ ਸਰਕਾਰ ਉਸ ਵਿੱਚ ਸੋਧ ਕਰ ਰਹੀ ਹੈ ਜਾਂ ਬੇਅਦਬੀਆਂ ਬਾਰੇ ਨਵਾਂ ਕਾਨੂੰਨ ਬਣਾਇਆ ਜਾ ਰਿਹਾ ਹੈ ਇਹ ਦੁਬਿਧਾ ਸੰਗਤਾਂ ਅੰਦਰ ਭਰਮ ਪੈਦਾ ਕਰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਹਰਪਾਲ ਸਿੰਘ ਚੀਮਾ ਦੀ ਸ਼੍ਰੋਮਣੀ ਕਮੇਟੀ ਬਾਰੇ ਕੀਤੀ ਟਿਪਣੀ ਵੀ ਤੱਥਾਂ ਤੋਂ ਕੋਹਾਂ ਦੂਰ ਹੈ। ਹਕੀਕਤ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਉਚ ਪੱਧਰੀ ਕਮੇਟੀ ਨੇ ਸਰਕਾਰ ਦੀ ਸਲੈਕਟ ਕਮੇਟੀ ਅਤੇ ਸਰਕਾਰ ਤੱਕ ਕਈ ਵਾਰ ਪਹੁੰਚ ਕੀਤੀ ਪਰੰਤੂ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ ਵੱਖ ਸਮੇਂ ਲਿਖੇ ਪੱਤਰ ਪਿਛਲੇ ਦਿਨੀਂ ਮੀਡੀਆ ਨੂੰ ਵੀ ਦਿੱਤੇ ਗਏ ਸਨ।
ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਸਰਕਾਰ ਇਸ ਦੀ ਅਹਿਮੀਅਤ ਨੂੰ ਸਮਝ ਨਹੀਂ ਰਹੀ। ਉਨ੍ਹਾਂ ਕਿਹਾ ਕਿ ਲਗਦਾ ਹੈ ਕਿ ਸਰਕਾਰ ਦਾ ਮਕਸਦ ਇਸ ਮਾਮਲੇ ਤੇ ਕੇਵਲ ਸਿਆਸਤ ਕਰਨਾ ਹੈ ਜੋ ਇਨ੍ਹਾਂ ਦੀ ਬਿਆਨਬਾਜ਼ੀ ਤੋਂ ਸਪੱਸ਼ਟ ਹੁੰਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਬਣਾਏ ਜਾਣ ਵਾਲੇ ਕਾਨੂੰਨ ਬਾਰੇ ਮੀਡੀਆ ਨੂੰ ਜਾਣਕਾਰੀ ਦੇਣ ਲਈ ਅੱਗੇ ਕੀਤੇ ਮੰਤਰੀ ਹਰਪਾਲ ਸਿੰਘ ਚੀਮਾ ਕੇਵਲ ਲਿਖ ਕੇ ਦਿੱਤੀ ਗੱਲ ਹੀ ਬੋਲ ਰਹੇ ਹਨ। ਕਿਉਂਕਿ ਜੇਕਰ ਉਹ ਸਾਰੀ ਜਾਣਕਾਰੀ ਰੱਖਦੇ ਹੁੰਦੇ ਤਾਂ ਕਦੀ ਐਕਟ ਨੂੰ ਸੋਧ ਬਿੱਲ ਅਤੇ ਕਦੀ ਬਿਲਕੁਲ ਨਵਾਂ ਬਿੱਲ ਆਖ ਕੇ ਦੁਬਿਧਾ ਦਾ ਸ਼ਿਕਾਰ ਨਾ ਹੁੰਦੇ। ਸਰਕਾਰ ਦੀ ਇਸ ਅਸਪਸ਼ਟਤਾ ਕਾਰਨ ਹੀ ਸਿੱਖ ਕੌਮ ਦੀਆਂ ਸੰਸਥਾਵਾਂ ਤੇ ਜਥੇਬੰਦੀਆਂ ਇਸ ਦੇ ਖਰੜੇ ਨੂੰ ਜਨਤਕ ਕਰਨ ਦੀ ਮੰਗ ਕਰ ਰਹੀਆਂ ਹਨ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

